## 3:1-16

# ਮਸੀਹ ਦੀ ਦੂਸਰੀ ਆਮਦ

ਪਤਰਸ ਨੇ ਇਸ ਗੱਲ ਨੂੰ ਸਪਸ਼ੱਟ ਕਰ ਦਿੱਤਾ ਕਿ ਉਸ ਦਾ ਸੰਦੇਸ਼ ਕੋਈ ਨਵਾਂ ਸੰਦੇਸ਼ ਨਹੀਂ ਹੈ। ਰਸੂਲ ਦਾ ਸੰਦੇਸ਼ ਉਸ ਦੇ ਪਾਠਕਾਂ ਨੂੰ ਮੁਕਤੀ ਤੱਕ ਲੈ ਆਇਆ ਸੀ। ਕਲੀਸੀਆਵਾਂ ਜਿਨ੍ਹਾਂ ਨੂੰ ਉਸ ਨੇ ਸੰਬੋਧਤ ਕੀਤਾ ਸੀ ਉਹ ਸੱਚਾਈ ਨੂੰ ਜਾਣਦੀਆਂ ਸਨ; ਅਸਲ ਵਿਚ ਉਹ ਉਸ ਵਿਚ ਸਥਾਪਤ ਕੀਤੀਆਂ ਗਈਆਂ ਸਨ (1:12)। ਫਿਰ ਝੂਠੇ ਗੁਰੂ ਆ ਗਏ ਸਨ। ਉਨ੍ਹਾਂ ਨੇ ਕਲੀਸੀਆਵਾਂ ਨੂੰ ਬਰਬਾਦ ਕਰ ਦਿੱਤਾ ਸੀ। ਕੁਝ ਮਸੀਹੀਆਂ ਨੇ ਉਨ੍ਹਾਂ ਨੂੰ ਸਵੀਕਾਰ ਜਾਂ ਘੱਟੋ ਘੱਟ ਬਰਦਾਸ਼ਤ ਕਰ ਲਿਆ ਸੀ; ਹੋਰਨਾਂ ਨੇ ਉਨ੍ਹਾਂ ਦੀਆਂ ਸਿੱਖਿਆਵਾਂ ਦੇ ਪ੍ਰਭਾਵ ਨੂੰ ਹੋਰ ਵੀ ਸਪਸ਼ੱਟ ਰੂਪ ਵਿਚ ਸਮਝ ਲਿਆ ਸੀ ਅਤੇ ਉਨ੍ਹਾਂ ਨੂੰ ਰੱਦ ਦਿੱਤਾ ਸੀ। ਇਸ ਪੱਤ੍ਰੀ ਨੂੰ ਲਿਖਣ ਦੇ ਲੇਖਕ ਦੇ ਦੋ ਕਾਰਨ ਸਨ: (1) ਉਹ ਆਪਣੇ ਪਾਠਕਾਂ ਨੂੰ ਸਮਝਾਉਣਾ ਚਾਹੁੰਦਾ ਸੀ ਕਿ ਝੂਠੇ ਗੁਰੂ ਉਨ੍ਹਾਂ ਦਾ ਸ਼ੋਸ਼ਣ ਕਰ ਰਹੇ ਸਨ। ਉਸ ਤੋਂ ਵੀ ਵੱਧ ਕੇ ਉਹ ਰਸੂਲੀ ਸੰਦੇਸ਼ ਦੇ ਮੂਲ ਅਰਥ ਨੂੰ ਬੁਰੀ ਤਰਾਂ ਵਿਗਾੜ ਰਹੇ ਸਨ (2) ਉਹ ਆਪਣੇ ਪਾਠਕਾਂ ਨੂੰ ਉਨ੍ਹਾਂ ਦੀ ਬੁਲਾਹਟ ਦੀ ਸ਼ਕਤੀ ਅਤੇ ਪਵਿੱਤਰਤਾ ਦੀ ਯਾਦ ਦਿਵਾਉਂਦੇ ਹੋਏ ਉਤਸ਼ਾਹਿਤ ਕਰਨਾ ਚਾਹੁੰਦਾ ਸੀ। ਉਹ ਉਨ੍ਹਾਂ ਨੂੰ ਵਿਸ਼ਵਾਸ ਵਿਚ ਵਧਾਉਣਾ ਚਾਹੁੰਦਾ ਸੀ। ਪਤਰਸ ਨੇ ਇਸ ਗੱਲ ਨੂੰ ਸਪੱਸ਼ਟ ਕੀਤਾ ਕਿ ਉਸ ਦੇ ਕੋਲ ਕੋਈ ਨਵਾਂ, ਨਵਾਂ ਪਰਿਵਰਤਨ ਲਿਆਉਣ ਵਾਲਾ ਸੰਦੇਸ਼ ਨਹੀਂ ਸੀ। ਉਸ ਦਾ ਉਦੇਸ਼ ਉਨ੍ਹਾਂ ਨੂੰ ਯਾਦ ਕਰਵਾਉਣਾ ਅਤੇ ਉਨ੍ਹਾਂ ਨੂੰ ਉਕਸਾਉਣਾ ਸੀ। ਕਿ ਜੇਕਰ ਉਹ ਲਗਾਤਾਰ ਪਰਮੇਸ਼ੁਰ ਦੇ ਲੋਕ ਬਣੇ ਰਹਿਣਾ ਚਾਹੁੰਦੇ ਸਨ, ਤਾਂ ਇਹ ਜ਼ਰੂਰੀ ਹੈ ਕਿ ਉਹ ਝੂਠੇ ਗੁਰੂਆਂ ਨੂੰ ਤਿਆਗਣ ਅਤੇ ਉਸ ਸੰਦੇਸ਼ ਦੇ ਪ੍ਰਤੀ ਆਪਣੀ ਵਚਨਬੱਧਤਾ ਨੂੰ ਸਾਬਤ ਕਰਨ ਜੋ ਉਨ੍ਹਾਂ ਨੇ ਰਸੂਲਾਂ ਦੇ ਕੋਲੋਂ ਸੁਣਿਆ ਸੀ।

## "ਤੁਹਾਡੇ ਸੱਚੇ ਮਨਾਂ ਨੂੰ ਪਰੇਰਦਾ ਹਾਂ" (3:1, 2)

**[1]ਹੇ ਪਿਆਰਿਓ, ਹੁਣ ਇਹ ਦੂਜੀ ਪੱਤ੍ਰੀ ਮੈਂ ਤੁਹਾਨੂੰ ਲਿਖਦਾ ਹਾਂ ਅਤੇ ਦੋਹਾਂ ਵਿੱਚ ਤੁਹਾਨੂੰ ਚੇਤੇ ਕਰਾ ਕੇ ਤੁਹਾਡੇ ਸਾਫ਼ ਚਿੱਤਾਂ ਨੂੰ ਪਰੇਰਦਾ ਹਾਂ। [2]ਭਈ ਤੁਸੀਂ ਉਨ੍ਹਾਂ ਗੱਲਾਂ ਨੂੰ ਜਿਹੜੀਆਂ ਪਵਿੱਤਰ ਨਬੀਆਂ ਤੋਂ ਅੱਗੋਂ ਆਖੀਆਂ ਗਈਆਂ ਨਾਲੇ ਪ੍ਰਭੁ ਅਤੇ ਮੁਕਤੀ ਦਾਤੇ ਦੀ ਆਗਿਆ ਨੂੰ ਜਿਹੜੀ ਤੁਹਾਡੇ ਰਸੂਲਾਂ ਦੇ ਰਾਹੀਂ ਕੀਤੀ ਗਈ ਚੇਤੇ ਰੱਖੋ।**

**ਆਇਤ 1.** ਸ਼ਬਦ **ਪਿਆਰਿਓ** ਸੁਰ ਵਿਚ ਇੱਕ ਤਬਦੀਲੀ ਦਾ ਨਿਸ਼ਾਨ ਹੈ। ਇਹ ਪੱਤ੍ਰੀ ਝੂਠੇ ਗੁਰੂਆਂ ਦੀ ਕੜੀ ਨਿੰਦਾ ਤੋਂ ਗੱਲਬਾਤ ਦੇ ਦੁਆਰਾ ਮੇਲ ਮਿਲਾਪ ਕਰਨ ਦੇ ਲਈ ਉਤਸ਼ਾਹਿਤ ਕਰਨ ਵੱਲ ਚਲੀ ਜਾਂਦੀ ਹੈ। ਚੱਲਦੇ ਚੱਲਦੇ, ਰਸੂਲ ਨੇ ਹਵਾਲਾ ਦਿੱਤਾ ਕਿ **ਇਹ ਦੂਜੀ ਪੱਤ੍ਰੀ** ਸੀ ਜੋ ਉਸ ਨੇ ਉਨ੍ਹਾਂ ਨੂੰ ਲਿਖੀ ਸੀ। ਕੈਨੋਨੀਕਲ ਪੁਸਤਕਾਂ ਉਸੇ ਹਿਸਾਬ

ਨਾਲ ਕ੍ਰਮ ਵਿਚ ਰੱਖੀਆਂ ਗਈਆਂ ਜਿਵੇਂ ਉਹ ਹਨ, ਆਧੁਨਿਕ ਪਾਠਕ ਤੁਰੰਤ 1 ਪਤਰਸ ਦੇ ਬਾਰੇ ਸੋਚਣਾ ਚਾਹੁੰਦਾ ਹੈ। ਹੋ ਸਕਦਾ ਹੈ ਕਿ ਇਹ ਸੰਬੰਧ ਪਹਿਲੇ ਪਾਠਕਾਂ ਦੇ ਲਈ ਉੱਨਾ ਸਪੱਸ਼ਟ ਨਾ ਰਿਹਾ ਹੋਵੇ। ਉਹ ਕੁਝ ਸਫਿਆਂ ਨੂੰ ਪਿੱਛੇ ਥੱਲ ਕੇ 1 ਪਤਰਸ ਨੂੰ ਲੱਭ ਨਹੀਂ ਸਕਦੇ ਹਨ। ਹੋਰ ਵਿਚਾਰ ਆਧੁਨਿਕ ਪਾਠਕ ਨੂੰ ਥੋੜਾ-ਬਹੁਤ ਯਕੀਨ ਦਿਵਾਉਣ ਦੇ ਲਈ ਅਰਥਪੂਰਣ ਹੈ ਕਿ ਉਹ ਪੱਤ੍ਰੀ ਜਿਸ ਦਾ ਰਸੂਲ ਨੇ ਹਵਾਲਾ ਦਿੱਤਾ ਉਹ 1 ਪਤਰਸ ਹੀ ਸੀ। ਅਸੀਂ ਯਕੀਨੀ ਤੌਰ ਤੇ ਸਿਰਫ ਇਹ ਕਹਿ ਸਕਦੇ ਹਾਂ ਕਿ ਪਤਰਸ ਨੇ ਇਸ ਪਾਠਕਵਰਗ ਨੂੰ ਪਹਿਲਾਂ ਵੀ ਇੱਕ ਪੱਤ੍ਰੀ ਲਿਖੀ ਸੀ। ਇਹ ਪੱਤ੍ਰੀ 1 ਪਤਰਸ ਸੀ ਜਾਂ ਨਹੀਂ ਇਹ ਪੂਰੀ ਤਰ੍ਹਾਂ ਦੇ ਨਾਲ ਨਿਸ਼ਚਤ ਨਹੀਂ ਹੈ। (ਵਧੇਰੇ ਜਾਣਕਾਰੀ ਦੇ ਲਈ, ਵੇਖੋ *ਜਾਣ-ਪਛਾਣ,* ਸਫੇ 10-15.)

ਰਸੂਲ ਨੇ ਕਿਹਾ ਕਿ ਪਹਿਲੀ ਪੱਤ੍ਰੀ ਦੇ ਵਾਂਗ, ਇਸ ਪੱਤ੍ਰੀ, 2 ਪਤਰਸ ਦਾ ਉਦੇਸ਼ ਵੀ **ਤੁਹਾਨੂੰ ਚੇਤੇ ਕਰਾ ਕੇ ਤੁਹਾਡੇ ਸਾਫ਼ ਚਿੱਤਾਂ ਨੂੰ** ਪ੍ਰੇਰਣਾ ਸੀ। 2 ਪਤਰਸ ਵਿਚ, ਉਸ ਨੇ ਯਿਸੂ ਦੇ ਨਾਲ ਆਪਣੀ ਸੰਗਤੀ ਦੀਆਂ ਘਟਨਾਵਾਂ ਨੂੰ ਯਾਦ ਕਰ ਕੇ ਆਪਣੇ ਪਾਠਕਾਂ ਨੂੰ ਯਾਦ ਕਰਵਾਇਆ। ਉਸ ਨੇ ਉਨ੍ਹਾਂ ਨੂੰ ਯਾਦ ਕਰਵਾਇਆ ਕਿ ਪਰਮੇਸ਼ੁਰ ਇੱਕ ਅਜਿਹੇ ਜੀਵਨ ਦੀ ਮੰਗ ਕਰਦਾ ਹੈ ਜੋ ਭੋਗ ਬਿਲਾਸ ਤੋਂ ਰਹਿਤ ਹੋਵੇ। ਉਸ ਨੇ ਉਨ੍ਹਾਂ ਨੂੰ ਉਹ ਸਿੱਟੇ ਯਾਦ ਕਰਵਾਏ ਜੋ ਉਨ੍ਹਾਂ ਝੂਠੇ ਗੁਰੂਆਂ ਨੂੰ ਗਲੇ ਲਗਾਉਣ ਦੇ ਦੁਆਰਾ ਉਨ੍ਹਾਂ ਨੂੰ ਭੁਗਤਣੇ ਪਏ ਸਨ ਜੋ ਚੋਰੀ ਨਾਲ ਉਨ੍ਹਾਂ ਵਿਚ ਘੁਸ ਆਏ ਸਨ ।

ਇੱਕ ਚੰਗਾ ਆਤਮਿਕ ਨੇਤਾ ਹੋਣ ਦੇ ਨਾਤੇ, ਪਤਰਸ ਨੇ ਇਸ ਗੱਲ ਨੂੰ ਸਪੱਸ਼ਟ ਕੀਤਾ ਕਿ ਉਹ ਆਪਣੇ ਸਾਰੇ ਪਾਠਕਾਂ ਨੂੰ ਇੱਕੋ ਬੁਰਸ਼ ਨਾਲ ਨਹੀਂ ਰੰਗ ਰਿਹਾ ਸੀ। ਉਨ੍ਹਾਂ ਵਿੱਚੋਂ ਜ਼ਿਆਦਾਤਰ ਲੋਕ ਸਾਵਧਾਨ ਰਹੇ ਸਨ। ਉਹ ਝੂਠੇ ਗੁਰੂਆਂ ਦੇ ਵਿਰੁੱਧ ਖੜੇ ਹੋਏ ਸਨ; ਉਹ ਆਪਣੀਆਂ ਧਾਰਣਾਵਾਂ ਵਿਚ ਦ੍ਰਿੜ ਸਨ। ਪਤਰਸ ਉਨ੍ਹਾਂ ਨੂੰ ਉਤਸ਼ਾਹਿਤ ਕਰਨਾ ਚਾਹੁੰਦਾ ਸੀ। ਉਸ ਦੀ ਇੱਛਾ ਦਾ ਹਵਾਲਾ ਉਸ ਦੇ ਪਾਠਕਾਂ ਨੂੰ 1:12 ਯਾਦ ਕਰਵਾਉਂਦਾ ਹੈ। ਰਸੂਲ ਨੇ ਇੱਕ ਨਾਜ਼ੁਕ ਸੰਤੁਲਨ ਨੂੰ ਅਮਲੀ ਰੂਪ ਦੇਣਾ ਸੀ। ਇੱਕ ਪਾਸੇ ਉਹ ਆਪਣੇ ਆਦੇਸ਼ ਦੇ ਸਾਰੇ ਵੇਗ ਦੇ ਨਾਲ ਝੂਠੇ ਗੁਰੂਆਂ ਉੱਤੇ ਦੋਸ਼ ਲਾਉਣਾ ਚਾਹੁੰਦਾ ਸੀ, ਪਰ ਦੂਜੇ ਪਾਸੇ ਉਹ ਆਪਣੇ ਪਾਠਕਾਂ ਦੀ ਬੁੱਧੀਮਾਨੀ ਅਤੇ ਇਮਾਨਦਾਰੀ ਦਾ ਅਪਮਾਨ ਨਹੀਂ ਕਰਨਾ ਚਾਹੁੰਦਾ ਸੀ।

ਇਸ ਹਵਾਲੇ ਅਤੇ 1:12 ਆਇਤ ਦੋਵਾਂ ਦੇ ਹਵਾਲੇ ਵਿਚ ਇੱਕ ਆਲੋਚਨਾ ਮੌਜੂਦ ਹੈ। ਉਸ ਦੇ ਪਾਠਕਾਂ ਨੂੰ ਉਹ ਸੰਦੇਸ਼ ਯਾਦ ਕਰਵਾਉਣ ਦੀ ਲੋੜ ਸੀ ਜੋ ਉਨ੍ਹਾਂ ਨੇ ਰਸੂਲੀ ਗਵਾਹੀਆਂ ਦੁਆਰਾ ਹਾਸਲ ਕੀਤਾ ਸੀ। ਉਸ ਨੇ ਉਨ੍ਹਾਂ ਦੇ ਪ੍ਰਤੀ ਆਪਣੇ ਭਰੋਸੇ ਨੂੰ ਦਿਖਾਉਂਦੇ ਹੋਏ ਆਪਣੀ ਤਾੜ ਵਿਚ ਨਰਮਾਈ ਲਿਆਂਦੀ ਕਿ ਉਹ “ਸਚਿਆਈ ਉੱਤੇ . . . ਸਥਿਰ ਕੀਤੇ ਹੋਏ ਹਨ” (1:12) ਅਤੇ ਇਹ ਕਿ ਉਨ੍ਹਾਂ ਦੇ ਕੋਲ “ਸਾਫ਼ ਚਿੱਤ” ਸਨ। ਜੋ ਲੋਕ ਆਗੂ ਬਣਨ ਦੀ ਇੱਛਾ ਰੱਖਦੇ ਹਨ ਉਹ ਰਸੂਲ ਦੇ ਦ੍ਰਿਸ਼ਟੀਕੋਣ ਤੋਂ ਮਹੱਤਵਪੂਰਣ ਸਬਕ ਸਿਖ ਸਕਦੇ ਹਨ। ਵਿਆਪਕ ਨਿੰਦਿਆ ਤੋਂ ਲੋੜੀਂਦੇ ਅੰਤਾਂ ਨੂੰ ਪ੍ਰਭਾਵਿਤ ਕਰਨ ਦੀ ਸੰਭਾਵਨਾ ਨਹੀਂ ਹੈ। ਕਿਸੇ ਨੂੰ ਜ਼ਰੂਰ ਸਪੱਸ਼ਟ ਅਤੇ ਸਚਿਆਈ ਦੇ ਲਈ ਖੜੇ ਹੋਣਾ ਚਾਹੀਦਾ ਹੈ, ਪਰ ਕਿਸੇ ਦਾ ਢੰਗ ਇੱਕ ਇੱਛਾ ਕੀਤਾ ਹੋਇਆ ਸਿੱਟਾ ਕੱਢਣ ਵਿਚ ਇੱਕ ਬਹੁਤ ਵੱਡਾ ਯੋਗਦਾਨ ਪਾਉਂਦਾ ਹੈ।

**ਆਇਤ 2.** ਪਤਰਸ ਨਿਰੰਤਰ ਉਨ੍ਹਾਂ ਸ਼ਬਦਾਂ ਦੇ ਵਿਚਕਾਰ ਜੋ ਹਾਲ ਹੀ ਵਿਚ ਉਸ ਦੇ ਪਾਠਕਾਂ ਨੇ ਝੂਠੇ ਗੁਰੂਆਂ ਕੋਲੋਂ ਪ੍ਰਾਪਤ ਕੀਤੇ ਸਨ ਅਤੇ ਉਸ ਸੰਦੇਸ਼ ਦੇ ਵਿਚ ਜੋ ਉਨ੍ਹਾਂ ਨੇ ਆਪਣੇ ਪਹਿਲੇ ਮਸੀਹੀ ਗੁਰੂਆਂ ਕੋਲੋਂ ਸੁਣਿਆ ਸੀ ਅੰਤਰ ਕਰਨ ਦੀ ਕੋਸ਼ਿਸ਼ ਕਰਦਾ ਰਿਹਾ।

ਉਹ ਉਨ੍ਹਾਂ ਨੂੰ ਯਕੀਨ ਦਿਵਾਉਣਾ ਚਾਹੁੰਦਾ ਸੀ ਕਿ ਉਹ **ਉਨ੍ਹਾਂ ਗੱਲਾਂ ਨੂੰ ਜਿਹੜੀਆਂ ਪਵਿੱਤਰ ਨਬੀਆਂ ਤੋਂ ਅੱਗੋਂ ਆਖੀਆਂ ਗਈਆਂ** ਸਨ **ਚੇਤੇ** ਰੱਖਣ। ਉਹ ਸ਼ਬਦ ਜੋ ਉਨ੍ਹਾਂ ਨੇ ਪ੍ਰਾਪਤ ਕੀਤੇ ਸਨ, ਉਹ ਉਸ ਸੰਦੇਸ਼ ਦੇ ਵਿਚ, ਪਹਿਲੇ ਸਥਾਨ ਤੇ ਸਨ, ਜੋ ਪਰਮੇਸ਼ੁਰ ਨੇ **ਪਵਿੱਤਰ ਨਬੀਆਂ** ਦੇ ਰਾਹੀਂ ਅੱਗੋਂ ਹੀ ਦਿੱਤੇ ਸਨ। ਪਤਰਸ ਨੇ ਪਹਿਲਾਂ ਤੋਂ ਹੀ ਕਿਹਾ ਸੀ ਕਿ ਪੁਰਾਣੇ ਨੇਮ ਦੇ ਨਬੀ ਪਵਿੱਤਰ ਆਤਮਾ ਦੇ ਉਕਸਾਉਣ ਦੇ ਨਾਲ ਬੋਲਦੇ ਸਨ (1:21)। ਇਸ ਤੋਂ ਇਲਾਵਾ, ਉਹ ਸੰਦੇਸ਼ ਜੋ ਉਨ੍ਹਾਂ ਨੇ ਰਸੂਲਾਂ ਦੇ ਕੋਲੋਂ ਸੁਣਿਆ ਸੀ ਉਹ ਉਸ ਸੰਦੇਸ਼ ਦੀ ਪੂਰਤੀ ਸੀ ਜੋ "ਪਵਿੱਤਰ ਨਬੀਆਂ" ਦੇ ਰਾਹੀਂ ਬੋਲਿਆ ਗਿਆ ਸੀ। ਡੋਨਲਡ ਗੁਥਰੀ ਨੇ ਕਿਹਾ, "ਨਬੀਆਂ ਦੀਆਂ ਭਵਿੱਖਵਾਣੀਆਂ ਨੂੰ ਯਿਸੂ ਦੀਆਂ ਆਗਿਆਵਾਂ ਨਾਲ ਜੋੜਣਾ ਇਸ ਗੱਲ ਨੂੰ ਪਰਗਟ ਕਰਦਾ ਹੈ ਕਿ ਮਸੀਹੀ ਸਿੱਖਿਆ ਦੀ ਇੱਕ ਅਧਿਕਾਰਿਕ ਦੇਹੀ ਨੂੰ ਉਸਾਰਣ ਦੀ ਪ੍ਰਕਿਰਿਆ ਪਹਿਲਾਂ ਤੋਂ ਹੀ ਸ਼ੁਰੂ ਹੋ ਚੁੱਕੀ ਸੀ ਤਾਂਕਿ ਉਸ ਨੂੰ [ਪੁਰਾਣੇ ਨੇਮ] ਦੇ ਨਾਲ ਨਾਲ ਰੱਖਿਆ ਜਾ ਸਕੇ।"[1]

ਹਾਲਾਂਕਿ ਇਸ ਆਇਤ ਵਿਚ ਪਤਰਸ ਦੀ ਯੂਨਾਨੀ ਬਹੁਤ ਹੀ ਬੇ-ਢੱਬ ਹੈ, ਪਰ ਅਰਥ ਕਾਫ਼ੀ ਹੱਦ ਤੱਕ ਸਪੱਸ਼ਟ ਹੈ। ਅਸਲ ਵਿਚ ਉਹ ਕਹਿੰਦਾ ਹੈ ਕਿ ਨਬੀਆਂ ਦੇ ਦੁਆਰਾ ਪਹਿਲਾਂ ਬੋਲੇ ਗਏ ਸ਼ਬਦ "ਮੁਕਤੀਦਾਤੇ ਦੀ ਆਗਿਆ ਸਨ ਜਿਹੜੀ ਤੁਹਾਡੇ ਰਸੂਲਾਂ ਦੇ ਰਾਹੀਂ ਕੀਤੀ ਗਈ ਸੀ।" ਅਰਥ ਇਸ ਪ੍ਰਕਾਰ ਜਾਪਦਾ ਹੈ ਕਿ ਜਦਕਿ ਪਤਰਸ ਦੇ ਪਾਠਕਾਂ ਨੇ ਰਸੂਲਾਂ ਦੇ ਮੂੰਹੋਂ ਆਗਿਆਵਾਂ ਨੂੰ ਸੁਣਿਆ ਸੀ, ਉਹ, ਅਸਲ ਵਿਚ, ਪ੍ਰਭੂ ਅਤੇ ਮੁਕਤੀਦਾਤੇ ਦੀਆਂ ਆਗਿਆਵਾਂ ਸਨ। ਦੂਸਰੀ ਸੰਭਾਵਨਾ ਇਹ ਹੈ ਕਿ ਆਗਿਆਵਾਂ ਰਸੂਲਾਂ ਦੇ ਵੱਲੋਂ ਸਨ। ਬਦਲੇ ਵਿਚ, ਰਸੂਲ, ਪ੍ਰਭੂ ਅਤੇ ਮੁਕਤੀਦਾਤੇ ਦੇ ਦੁਆਰਾ ਚੁਣੇ ਗਏ ਅਤੇ ਭੇਜੇ ਗਏ ਸਨ। ਕੋਈ ਵੀ ਅਰਥ ਹਵਾਲੇ ਵਿਚ ਚੰਗੀ ਫਿਟ ਬੈਠਦਾ ਹੈ, ਅਤੇ ਦੂਸਰੇ ਤੋਂ ਕੋਈ ਬਹੁਤਾ ਵੱਖਰਾ ਵੀ ਨਹੀਂ ਹੈ।

ਪਤਰਸ ਨੇ ਰਸੂਲਾਂ ਦੀ ਪਛਾਣ **ਤੁਹਾਡੇ ਰਸੂਲਾਂ** ਦੇ ਰੂਪ ਵਿਚ ਕਰਵਾਈ ਸੀ। ਉਨ੍ਹਾਂ ਦੇ ਕੋਈ ਗੁਪਤ ਉਦੇਸ਼ ਨਹੀਂ ਸਨ। ਉਨ੍ਹਾਂ ਨੇ ਮਸੀਹੀਆਂ ਨੂੰ ਕੋਈ ਵਪਾਰਕ ਵਸਤੂ ਨਹੀਂ ਬਣਾਇਆ; ਉਨ੍ਹਾਂ ਨੇ ਵਿਸ਼ਵਾਸੀਆਂ ਦੀ ਕੀਮਤ ਤੇ ਕੋਈ ਨਿਜੀ ਲਾਭ ਹਾਸਲ ਨਹੀਂ ਕੀਤਾ। ਪਰਮੇਸ਼ੁਰ ਦੀ ਮਹਿਮਾ ਅਤੇ ਲੋਕਾਂ ਦੀ ਮੁਕਤੀ ਤੋਂ ਬਿਨਾਂ ਰਸੂਲਾਂ ਨੇ ਹੋਰ ਕਿਸੇ ਕਾਰਨ ਕੰਮ ਨਹੀਂ ਕੀਤਾ ਸੀ। ਉਹ "ਤੁਹਾਡੇ ਰਸੂਲ" ਸਨ। ਲੋੜ ਪੈਣ ਤੇ ਪਤਰਸ ਰਸੂਲਾਂ ਦੇ ਅਧਿਕਾਰ ਨੂੰ ਅਪੀਲ ਕਰੇਗਾ, ਪਰ ਹੁਣ ਦੇ ਲਈ, ਮੁੱਦਾ ਇਹ ਨਹੀਂ ਸੀ। ਇਸ ਬਿੰਦੂ ਤੇ, ਉਹ ਆਪਣੇ ਲੋਕਾਂ ਨੂੰ ਯਾਦ ਦਿਵਾਉਣਾ ਚਾਹੁੰਦਾ ਸੀ ਕਿ ਰਸੂਲ ਉਨ੍ਹਾਂ ਨੂੰ ਪਿਆਰ ਕਰਦੇ ਅਤੇ ਉਨ੍ਹਾਂ ਦੀ ਸੇਵਾ ਕਰਦੇ ਸਨ। ਜਦਕਿ ਦੂਜੇ ਪਾਸੇ, ਝੂਠੇ ਗੁਰੂਆਂ ਨੇ ਲਾਭ ਦੀ ਖਾਤਰ ਉਨ੍ਹਾਂ ਦਾ ਸ਼ੋਸ਼ਣ ਕੀਤਾ ਸੀ (2:3, 15)। ਤਾਂ ਵੀ, ਅਧਿਕਾਰ ਦਾ ਵਿਸ਼ਾ ਵਿਅਰਥ ਨਹੀਂ ਸੀ। ਉਸ ਨੇ ਨਬੀਆਂ ਦੀਆਂ ਲਿਖਤਾਂ ਦੇ ਅਧਿਕਾਰ, ਰਸੂਲਾਂ ਦੀਆਂ ਆਗਿਆਵਾਂ, ਅਤੇ ਯਿਸੂ ਦੇ ਹੁਕਮਾਂ ਦੀ ਤੁਲਨਾ ਝੂਠੇ ਗੁਰੂਆਂ ਦੀ ਡਾਕਟ੍ਰਿਨ ਅਤੇ ਉਸ ਜੀਵਨ ਢੰਗ ਨੇ ਨਾਲ ਕੀਤੀ ਜੋ ਉਨ੍ਹਾਂ ਨੇ ਉਸ ਦੇ ਪਾਠਕਾਂ ਦੇ ਸਾਹਮਣੇ ਰੱਖੇ ਸਨ।

ਜਦੋਂ ਸੱਚਾਈ ਦਾ ਸਵਾਲ ਮੁੱਦਾ ਸੀ, ਤਾਂ ਝੂਠੇ ਗੁਰੂਆਂ ਦੇ ਨੀਚ ਨੈਤਿਕ ਜੀਵਨਾਂ ਨੂੰ ਅਸਥਾਈ ਰੂਪ ਵਿਚ ਇੱਕ ਪਾਸੇ ਰੱਖਿਆ ਜਾ ਸਕਦਾ ਹੈ। ਮਸੀਹ ਦੇ ਵਿਸ਼ੇ ਵਿਚ ਸੱਚਾਈ ਦੇ ਲਈ, ਮੁਕਤੀ ਦੇ ਮਾਰਗ ਦੇ ਲਈ, ਜਾਂ ਉਸ ਦੀ ਕਲੀਸੀਆ ਦੇ ਲਈ, ਅਗਵਾਈ ਪ੍ਰਾਪਤ ਕਰਨ ਦੇ ਲਈ ਮਸੀਹੀਆਂ ਨੂੰ ਰਸੂਲਾਂ ਦੀ ਸਿੱਖਿਆ ਵੱਲ ਧਿਆਨ ਦੇਣਾ ਚਾਹੀਦਾ ਹੈ।

ਪਤਰਸ ਨੇ ਰਸੂਲਾਂ ਦੀ ਪਹਿਚਾਣ “ਤੁਹਾਡੇ ਰਸੂਲਾਂ” ਦੇ ਰੂਪ ਵਿਚ ਕਰਵਾਈ ਕਿਉਂਕਿ ਉਨ੍ਹਾਂ ਦਾ ਪਹਿਲਾ ਚਿੰਤਾ ਦਾ ਵਿਸ਼ਾ ਵਿਸ਼ਵਾਸੀਆਂ ਦੀ ਆਤਮਿਕ ਉੱਨਤੀ ਸੀ। ਉਸ ਨੇ ਇੱਕ ਅਪੀਲ ਨੂੰ ਪਰਮੇਸ਼ੁਰ ਤੋਂ ਪ੍ਰੇਰਣਾ ਪਾਏ ਹੋਏ ਲੋਕਾਂ ਰਾਹੀਂ ਦਿੱਤੇ ਗਏ ਅਸਲੀ ਸੱਚ ਅਤੇ ਰਸੂਲਾਂ ਅਤੇ ਪਾਠਕਾਂ ਵਿਚਲੇ ਵਿਅਕਤੀਗਤ ਸੰਪਰਕ ਨਾਲ ਮਿਲਾਇਆ। ਵਿਅਕਤੀਗਤ ਤੱਤਾਂ ਨੂੰ ਮਸੀਹੀ ਲੀਡਰਸ਼ਿਪ ਤੋਂ ਵੱਖਰਾ ਨਹੀਂ ਕੀਤਾ ਜਾ ਸਕਦਾ ਹੈ। ਚੰਗੇ ਅਯਾਲੀਆਂ ਦੇ ਵਾਂਗ, ਰਸੂਲਾਂ ਨੇ ਉਨ੍ਹਾਂ ਨਾਲ ਪਿਆਰ ਕੀਤਾ ਅਤੇ ਉਨ੍ਹਾਂ ਦੀ ਦੇਖਭਾਲ ਕੀਤੀ ਸੀ।

“ਰਸੂਲ” ਕੌਣ ਸਨ ਕਿਸ ਨੇ ਉਨ੍ਹਾਂ ਨੂੰ **ਆਗਿਆ** ਦਿੱਤੀ ਸੀ? ਪਹਿਲੀ ਉਦਾਹਰਣ ਵਿਚ, ਉਹ, ਉਹ ਬਾਰ੍ਹਾਂ ਲੋਕ ਸਨ, ਜੋ ਪ੍ਰਭੂ ਦੇ ਦੁਆਰਾ ਚੁਣੇ ਗਏ ਅਤੇ ਭੇਜੇ ਗਏ ਸਨ। ਬਾਅਦ ਵਿਚ, ਬਾਰ੍ਹਾਂ ਨੇ, ਹੋਰਨਾਂ ਨੂੰ ਸਿਖਾਇਆ ਅਤੇ ਆਗਿਆ ਦਿੱਤੀ ਕਿ ਉਹ ਜਾਣ।[2] ਸ਼ਾਇਦ ਪਤਰਸ ਦਾ ਅਰਥ ਇਹ ਸੀ ਕਿ ਪਹਿਲੇ ਲੋਕ ਜਿਨ੍ਹਾਂ ਨੇ ਉਸ ਦੇ ਪਾਠਕਾਂ ਨੂੰ ਇੰਜੀਲ ਦਾ ਪਰਚਾਰ ਕੀਤਾ ਸੀ ਉਹ ਜਾਂ ਤਾਂ ਬਾਰ੍ਹਾਂ ਵਿਚੋਂ ਸਨ ਜਾਂ ਉਨ੍ਹਾਂ ਵਿਚੋਂ ਜਿਨ੍ਹਾਂ ਨੂੰ ਬਾਰ੍ਹਾਂ ਦੇ ਰਾਹੀਂ ਆਗਿਆ ਦਿੱਤੀ ਗਈ ਸੀ। ਕਿ ਉਹ ਸੰਦੇਸ਼ ਜੋ ਉਤਪਤੀ ਤੋਂ ਰਸੂਲੀ ਸੀ ਉਹ ਉਸ ਸੰਦੇਸ਼ ਦੀ ਤੁਲਨਾ ਵਿਚ ਵਧੇਰੇ ਮਹੱਤਵਪੂਰਣ ਸੀ ਜੋ ਮਿਸ਼ਨਰੀਆਂ ਦੇ ਰਾਹੀਂ ਸੁਣਾਇਆ ਗਿਆ ਸੀ ਜਿਨ੍ਹਾਂ ਨੇ ਪਹਿਲਾਂ ਉਨ੍ਹਾਂ ਨੂੰ ਯਿਸੂ ਦੇ ਵਿਸ਼ੇ ਵਿਚ ਸਿਖਾਇਆ ਸੀ।

## “ਉਸ ਦੇ ਆਉਣ ਦਾ ਕਰਾਰ ਕਿੱਥੇ ਹੈ?”
## (3:3-7)

**3ਕਿ ਪਹਿਲਾਂ ਤੁਸੀਂ ਇਹ ਜਾਣਦੇ ਹੋ ਭਈ ਅੰਤ ਦੇ ਦਿਨਾਂ ਵਿੱਚ ਠੱਠਾ ਕਰਨ ਵਾਲੇ ਠੱਠਾ**
**ਕਰਦੇ ਹੋਏ ਆਉਣਗੇ ਜਿਹੜੇ ਆਪਣੀਆਂ ਕਾਮਨਾਂ ਦੇ ਅਨੁਸਾਰ ਚੱਲਣਗੇ। 4ਅਤੇ**
**ਆਖਣਗੇ ਭਈ ਉਹ ਦੇ ਆਉਣ ਦੇ ਕਰਾਰ ਦਾ ਕੀ ਪਤਾ ਹੈ? ਕਿਉਂਕਿ ਜਦੋਂ ਦੇ ਵਡ**
**ਵਡੇਰੇ ਸੌਂ ਗਏ ਸ੍ਰਿਸ਼ਟੀ ਦੇ ਮੁੱਢੋਂ ਸੱਭੇ ਕਝ ਤਿਵੇਂ ਹੀ ਬਣਿਆ ਰਹਿੰਦਾ ਹੈ। 5ਓਹ ਜਾਣ**
**ਬੁੱਝ ਕੇ ਇਹ ਭੁਲਾ ਛੱਡਦੇ ਹਨ ਭਈ ਪਰਮੇਸ਼ੁਰ ਦੇ ਬਚਨ ਨਾਲ ਅਕਾਸ਼ ਪਰਾਚੀਨਕਾਲ**
**ਤੋਂ ਹਨ ਅਤੇ ਧਰਤੀ ਪਾਣੀ ਵਿੱਚੋਂ ਅਤੇ ਪਾਣੀ ਦੇ ਵਿੱਚ ਅਸਥਿਰ ਹੈ। 6ਜਿਨ੍ਹਾਂ ਦੇ ਕਾਰਨ**
**ਓਸ ਸਮੇਂ ਦਾ ਜਗਤ ਪਾਣੀ ਵਿੱਚ ਡੁੱਬ ਕੇ ਨਾਸ ਹੋਇਆ। 7ਪਰ ਅਕਾਸ਼ ਅਤੇ ਧਰਤੀ**
**ਜਿਹੜੇ ਹੁਣ ਹਨ ਸਾੜੇ ਜਾਣ ਲਈ ਓਸੇ ਬਚਨ ਨਾਲ ਰੱਖ ਛੱਡੇ ਹੋਏ ਹਨ ਅਤੇ**
**ਭਗਤੀਹੀਣ ਮਨੁੱਖਾਂ ਦੇ ਨਿਆਉਂ ਅਤੇ ਨਾਸ ਹੋਣ ਦੇ ਦਿਨ ਤੀਕ ਸਾਂਭੇ ਰਹਿਣਗੇ।**

ਭਾਵੇਂ ਪਤਰਸ ਝੂਠੇ ਗੁਰੂਆਂ ਦੇ ਨਾਲ ਸੰਬੰਧਤ ਸਿੱਖਿਆਵਾਂ ਵਿਚ ਬਹੁਤੀ ਡੂੰਘਿਆਈ ਵਿਚ ਨਹੀਂ ਗਿਆ ਸੀ, ਇਹ ਕਹਿਣਾ ਸੁਰੱਖਿਅਤ ਹੈ ਕਿ ਉਹ ਇਸ ਗੱਲ ਦਾ ਇਨਕਾਰ ਕਰਦੇ ਸਨ ਕਿ ਪ੍ਰਭੂ ਵਾਪਸ ਆ ਰਿਹਾ ਹੈ। ਮੁਢਲੇ ਮਸੀਹੀਆਂ ਨੇ ਮਨ ਬਦਲੀ ਕੀਤੇ ਹੋਏ ਲੋਕਾਂ ਨੂੰ ਭਰੋਸਾ ਦਿਵਾਇਆ ਕਿ ਪ੍ਰਭੂ ਜੋ ਸਵਰਗ ਵਿਚ ਉਠਾਇਆ ਗਿਆ ਸੀ ਕਿ ਪਰਮੇਸ਼ੁਰ ਦੇ ਸੱਜੇ ਹੱਥ ਬੈਠ ਕੇ ਰਾਜ ਕਰੇ ਉਹ ਵਾਪਸ ਆ ਰਿਹਾ ਸੀ। ਇਸ ਤੋਂ ਇਲਾਵਾ, ਪ੍ਰਭੂ ਦਾ ਆਉਣਾ ਨੇੜੇ ਹੀ ਹੈ (ਯਾਕੂਬ 5:8; 1 ਪਤਰਸ 4:7)। ਕਿਉਂਕਿ “ਨੇੜੇ ਹੀ” ਇੱਕ ਸੰਬੰਧ ਸੂਚਕ ਸ਼ਬਦ ਹੈ, ਇਸ ਲਈ ਇਸ ਵਿਚ ਕੋਈ ਸ਼ੱਕ ਨਹੀਂ ਹੈ ਕਿ ਬਹੁਤ ਸਾਰੇ ਲੋਕਾਂ ਨੇ ਮਸੀਹ ਦੇ ਕੁਝ ਸਾਲਾਂ ਦੇ ਅੰਦਰ ਅੰਦਰ, ਜਾਂ ਜ਼ਿਆਦਾ ਤੋਂ ਜ਼ਿਆਦਾ ਕੁਝ ਦਹਾਕਿਆਂ ਵਿਚ ਪਰਗਟ ਹੋਣ ਦੀ ਉਮੀਦ ਕੀਤੀ। ਸਮਾਂ ਲੰਘਦਾ ਗਿਆ ਪਰ ਯਿਸੂ ਨਹੀਂ ਆਇਆ। ਝੂਠੇ

ਗੁਰੂਆਂ ਨੇ ਇਸ ਅਸਫਲ ਉਮੀਦ ਦਾ ਇਹ ਕਹਿੰਦੇ ਹੋਏ ਫਾਇਦਾ ਚੁੱਕਿਆ ਕਿ ਪ੍ਰਭੂ ਕਦੀ ਵੀ ਨਹੀਂ ਆ ਰਿਹਾ ਹੈ। ਇਸ ਦੇ ਉਲਟ, ਕੁਝ ਲੋਕਾਂ ਨੇ ਤਰਕ ਕੀਤਾ ਹੈ ਕਿ, ਅਸਲ ਵਿਚ, ਪ੍ਰਭੂ, ਕਿਸੇ ਆਤਮਿਕ, ਗੈਰ-ਸ਼ਾਬਦਿਕ ਅਰਥ ਵਿਚ ਪਹਿਲਾਂ ਤੋਂ ਹੀ ਵਾਪਸ ਆ ਗਿਆ ਹੈ। ਉਦਾਹਰਣ ਦੇ ਤੌਰ ਤੇ, ਉਨ੍ਹਾਂ ਨੇ ਇਸ ਗੱਲ ਨੂੰ ਕਾਇਮ ਰੱਖਿਆ ਹੋ ਸਕਦਾ ਹੈ ਕਿ ਜਦੋਂ ਉਨ੍ਹਾਂ ਨੂੰ ਬਪਤਿਸਮਾ ਦਿੱਤਾ ਗਿਆ ਸੀ ਤਾਂ ਪ੍ਰਭੂ ਵਿਅਕਤੀਗਤ ਤੌਰ ਤੇ ਉਨ੍ਹਾਂ ਦੇ ਕੋਲ ਵਾਪਸ ਆ ਗਿਆ ਸੀ। ਪਤਰਸ ਦੇ ਲਈ ਉਨ੍ਹਾਂ ਵਿਚੋਂ ਕੋਈ ਵੀ ਨਹੀਂ ਸੀ। ਰਸੂਲ ਨੇ ਇਸ ਗੱਲ ਨੂੰ ਸਪਸ਼ੱਟ ਕੀਤਾ ਕਿ ਕਿਸੇ ਨੂੰ ਇਸ ਗੱਲ ਦਾ ਸ਼ੱਕ ਨਾ ਰਹੇ ਕਿ ਪ੍ਰਭੂ ਕਦੋਂ ਵਾਪਸ ਆਵੇਗਾ। ਜਿਵੇਂ ਪਰਮੇਸ਼ੁਰ ਨੇ ਪੁਰਾਣੇ ਸਮੇਂ ਦੇ ਸੰਸਾਰ ਦਾ ਨਿਆਂ ਕੀਤਾ ਸੀ, ਉਸੇ ਪ੍ਰਕਾਰ ਉਹ ਦੁਬਾਰਾ ਨਿਆਂ ਕਰੇਗਾ।

**ਆਇਤ 3.** ਕੋਈ ਵੀ ਇਸ ਗੱਲ ਤੋਂ ਅਣਜਾਣ ਨਾ ਰਹੇ ਕਿ ਮਸੀਹੀਆਂ ਦੇ ਵਿਚਕਾਰ ਝੂਠੇ ਗੁਰੂ ਉੱਠ ਖੜ੍ਹੇ ਹੋਣਗੇ। ਪਤਰਸ ਨੇ ਉਨ੍ਹਾਂ ਨੂੰ ਚੇਤਾਵਨੀ ਦਿੱਤੀ ਕਿ ਝੂਠੇ ਗੁਰੂ ਉੱਠ ਖੜ੍ਹੇ ਹੋਣਗੇ, ਜਿਵੇਂ ਪੌਲੁਸ ਨੇ ਹੋਰਨਾਂ ਮਸੀਹੀਆਂ ਨੂੰ ਚੇਤਾਵਨੀ ਦਿੱਤੀ ਸੀ (ਵੇਖੋ ਰਸੂਲਾਂ ਦੇ ਕਰਤੱਬ 20:29–31; 1 ਤਿਮੋਥਿਉਸ 4)। ਅੰਗ੍ਰੇਜ਼ੀ ਕੰਨ ਦੇ ਲਈ, **ਠੱਠਾ ਕਰਨ ਵਾਲੇ ਠੱਠਾ ਕਰਦੇ ਹੋਏ ਆਉਣਗੇ** ਵਿਅਰਥ ਅਵਾਜ਼ ਵਾਂਗ ਜਾਪਦਾ ਹੈ, ਪਰ ਇਬਰਾਨੀ ਵਿਚ ਇਹ ਪਰਗਟਾਵਾ ਇੱਕ ਮਿਆਰੀ ਢੰਗ ਸੀ। ਇੰਝ ਜਾਪਦਾ ਹੈ ਕਿ ਰਸੂਲ ਆਪਣੀ ਭਾਸ਼ਾ ਦੀ ਪਹਿਲੀ ਵਿਆਕਰਣ ਦੀ ਆਦਤ ਵਿਚ ਵਾਪਸ ਪਰਤ ਆਇਆ ਹੈ।

ਇਸ ਆਇਤ ਵਿਚ "ਠੱਠਾ ਕਰਨ ਵਾਲੇ" ਅਧਿਆਇ 2 ਦੇ ਝੂਠੇ ਗੁਰੂਆਂ ਦੇ ਸਮਾਨ ਹਨ। ਉਨ੍ਹਾਂ ਦੋਵਾਂ ਨੇ ਰਸੂਲਾਂ ਦੀਆਂ ਸਿੱਖਿਆਵਾਂ ਦਾ – ਖਾਸ ਤੌਰ ਤੇ ਪ੍ਰਭੂ ਦੀ ਮੁੜ ਆਮਦ ਦਾ ਵਿਰੋਧ ਕੀਤਾ ਸੀ; ਅਤੇ ਉਹ **ਆਪਣੀਆਂ ਕਾਮਨਾਂ ਦੇ ਅਨੁਸਾਰ** ਚੱਲ ਦੇ ਸਨ। ਉਨ੍ਹਾਂ ਦੇ ਜੀਵਨ ਪੂਰੀ ਤਰ੍ਹਾਂ ਪਵਿੱਤਰ ਜੀਵਨਾਂ ਦੇ ਉਲਟ ਸਨ ਜੋ ਪਰਮੇਸ਼ੁਰ ਦੇ ਲੋਕਾਂ ਦੀ ਵਿਸ਼ੇਸ਼ਤਾ ਸਨ। ਮਾਈਕਲ ਗ੍ਰੀਨ ਨੇ ਟਿੱਪਣੀ ਕੀਤੀ, "ਸਨਕੀ ਅਤੇ ਸਵੈ-ਭੋਗ ਲਗਾਤਾਰ ਇਕੱਠੇ ਚੱਲਦੇ ਹਨ।"[3] ਉਹ ਲੋਕ ਜਿਨ੍ਹਾਂ ਦੇ ਮਨਾਂ ਵਿਚ ਰਸੂਲਾਂ ਦੇ ਦੁਆਰਾ ਦਿੱਤੇ ਗਏ ਪਰਮੇਸ਼ੁਰ ਦੇ ਪ੍ਰਕਾਸ਼ਣ ਦੇ ਪ੍ਰਤੀ ਬਹੁਤ ਹੀ ਘੱਟ ਆਦਰ ਹੈ ਉਹ ਦੋਵਾਂ ਸਿਧਾਂਨਿਕ ਅਤੇ ਨੈਤਿਕ ਖੇਤਰਾਂ ਵਿਚ ਉਲੰਘਣਾ ਕਰਨ ਦੇ ਯੋਗ ਹਨ।

ਪਤਰਸ ਨੇ ਅੱਗੇ ਕੋਈ ਵੀ ਟਿੱਪਣੀ ਨਾ ਕਰਦੇ ਹੋਏ ਇਸ ਗੱਲ ਨੂੰ ਸਵੀਕਾਰ ਕੀਤਾ ਕਿ **ਉਹ ਅੰਤਿਮ ਦਿਨਾਂ** ਦੇ ਵਿਚ ਚੱਲ ਰਹੇ ਹਨ। ਭਾਵੇਂ ਉਹ ਆਪਣੇ ਆਉਣ ਵਿਚ ਹਜ਼ਾਰ ਸਾਲ ਦੀ ਦੇਰੀ ਕਰੇ ਪਰ ਇਹ ਅੰਤਿਮ ਦਿਨ ਸਨ (3:8)। "ਅੰਤਿਮ ਦਿਨ" ਜਿਵੇਂ 2 ਤਿਮੋਥਿਉਸ 3:1 ਅਤੇ ਇਬਰਾਨੀਆਂ 1:1, 2, ਉਸ ਸਾਰੇ ਸਮੇਂ ਦਾ ਉਲੇਖ ਕਰਦਾ ਹਨ ਜੋ ਮੁਕਤੀਦਾਤੇ ਦੀ ਪਹਿਲੀ ਆਮਦ (ਉਸ ਦੇ ਰਾਜ ਦਾ ਪਹਿਲੇ ਅਹਿਸਾਸ) ਅਤੇ ਉਸ ਦੇ ਦੁਬਾਰਾ ਆਉਣ ਦੇ ਵਿਚਲੇ ਸਾਰੇ ਸਮੇਂ ਦਾ ਹਵਾਲਾ ਦਿੰਦਾ ਹੈ (ਜਿਸ ਵਿਚ ਨਿਆਂ ਅਤੇ ਉਸ ਦੇ ਸ਼ਾਸਨ ਕਾਲ ਦਾ ਅੰਤਿਮ ਬੋਧ ਸ਼ਾਮਲ ਹੈ)। ਪਤਰਸ ਅਤੇ ਹੋਰ ਨਵੇਂ ਨੇਮ ਦੇ ਨਬੀਆਂ ਨੇ "ਅੰਤਿਮ ਦਿਨ" ਦੀ ਆਪਣੀ ਸਮਝ ਦੇ ਲਈ ਨਬੀਆਂ ਵੱਲ ਧਿਆਨ ਦਿੱਤਾ ਸੀ। ਯਸਾਯਾਹ ਨੇ ਲਿਖਿਆ, "ਆਖਰੀ ਦਿਨਾਂ ਦੇ ਵਿੱਚ ਇਉਂ ਹੋਵੇਗਾ ਕਿ ਯਹੋਵਾਹ ਦੇ ਭਵਨ ਦਾ ਪਰਬਤ ਪਹਾੜਾਂ ਦੇ ਸਿਰੇ ਤੇ ਕਾਇਮ ਕੀਤਾ ਜਾਵੇਗਾ, ਅਤੇ ਉਹ ਪਹਾੜੀਆਂ ਤੋਂ ਕਾਇਮ ਕੀਤਾ ਜਾਵੇਗਾ" (ਯਸਾਯਾਹ 2:2)। ਪਤਰਸ ਦੇ ਮਸੀਹੀ ਆਗੂ ਉਨ੍ਹਾਂ ਦਿਨਾਂ ਦੇ ਵਿਚ ਰਹਿ ਰਹੇ ਸਨ ਜਿਨ੍ਹਾਂ ਨੂੰ ਵੇਖਣ ਦੇ ਲਈ ਨਬੀਆਂ ਨੇ ਸੰਘਰਸ਼ ਕੀਤਾ ਸੀ; ਪਰਮੇਸ਼ੁਰ ਦੇ ਘਰ ਦਾ

ਪਹਾੜ ਕਾਇਮ ਕੀਤਾ ਗਿਆ ਸੀ। ਯਸਾਯਾਹ ਨਬੀ ਦੇ ਸਮਕਾਲੀਨਾਂ ਨੇ ਉਸ ਦੇ ਸ਼ਬਦਾਂ ਦਾ ਮਜ਼ਾਕ ਉਡਾਇਆ ਸੀ (ਯਸਾਯਾਹ 28:14, 15), ਜਿਵੇਂ ਝੂਠੇ ਗੁਰੂਆਂ ਨੇ ਰਸੂਲਾਂ ਦੇ ਸ਼ਬਦਾਂ ਦਾ ਮਜ਼ਾਕ ਉਡਾਇਆ ਸੀ। ਉਹ ਮਸੀਹੀ "ਅੰਤਿਮ ਦਿਨਾਂ" ਵਿਚ ਰਹਿ ਰਹੇ ਹਨ ਇਹ ਗੱਲ ਉਨ੍ਹਾਂ ਦੇ ਮਿਸ਼ਨ ਵਿਚ ਇੱਕ ਜੋਸ਼ ਅਤੇ ਆਸ਼ਾ ਨੂੰ ਜੋੜਦੀ ਹੈ।

**ਆਇਤ 4.** ਇਸ ਗੱਲ ਵਿਚ ਕੋਈ ਸ਼ੱਕ ਨਹੀਂ ਸੀ ਕਿ ਝੂਠੇ ਗੁਰੂਆਂ ਨੇ ਰੁੱਖੇਪਨ ਨਾਲ ਮੰਗ ਕੀਤੀ, **ਉਹ ਦੇ ਆਉਣ ਦੇ ਕਰਾਰ ਦਾ ਕੀ ਪਤਾ ਹੈ?** ਉਨ੍ਹਾਂ ਨੇ ਵਿਸ਼ਵਾਸੀਆਂ ਉੱਤੇ ਦੋਸ਼ ਲਾਉਂਦੇ ਹੋਏ ਕਿ ਉਨ੍ਹਾਂ ਨੇ ਰਸੂਲਾਂ ਦੇ ਸ਼ਬਦਾਂ ਨੂੰ ਸੱਚ ਮੰਨ ਲਿਆ ਹੈ, ਉਨ੍ਹਾਂ ਦਾ ਮਜ਼ਾਕ ਉਡਾਇਆ ਹੈ। ਉਨ੍ਹਾਂ ਨੇ ਇਸ਼ਾਰਾ ਕੀਤਾ ਹੈ, **ਕਿਉਂਕਿ ਜਦੋਂ ਦੇ ਵਡ ਵਡੇਰੇ ਸੌਂ ਗਏ ਸ੍ਰਿਸ਼ਟੀ ਦੇ ਮੁੱਢੋਂ ਸੱਭੋ ਕੁਝ ਤਿਵੇਂ ਹੀ ਬਣਿਆ ਰਹਿੰਦਾ ਹੈ।** ਮੌਸਮਾਂ ਦਾ ਆਉਣਾ ਅਤੇ ਜਾਣਾ, ਨਵੀਂ ਪੀੜ੍ਹੀ ਦਾ ਜਨਮ ਅਤੇ ਪੁਰਾਣੀ ਪੀੜ੍ਹੀ ਦੀ ਮੌਤ, ਜੀਵਨ ਦੇ ਅੰਤਹੀਣ ਚੱਕਰ ਦੀ ਇੱਕ ਗਵਾਹੀ ਹੈ। ਇਸ ਲਈ ਝੂਠੇ ਗੁਰੂਆਂ ਨੇ ਇੱਕ ਤਰਕ ਦਿੱਤਾ। ਉਨ੍ਹਾਂ ਨੇ ਗੱਲ ਬਣਾਈ ਹੈ ਕਿ "ਉਹ ਦੇ ਆਉਣ ਦੇ ਕਰਾਰ" ਇੱਕ ਕਲਪਨਾ ਸੀ ਜੋ ਕਮਜ਼ੋਰ ਦਿਲ ਦੇ ਲੋਕਾਂ ਦੇ ਲਈ ਬਣਾਈ ਗਈ ਸੀ।

ਸੰਦੇਹਵਾਦ ਉਨ੍ਹਾਂ ਹੀ ਪੁਰਾਣਾ ਹੈ ਜਿੰਨੀ ਪੁਰਾਣੀ ਮਨੁੱਖ ਜਾਤੀ ਹੈ। ਇਹ ਉਨ੍ਹਾਂ ਲੋਕਾਂ ਦੇ ਲਈ ਇੱਕ ਵਿਸ਼ੇਸ਼ ਦੁੱਖ ਹੈ ਜਿਹੜੇ ਨਾ ਸ਼ਰਾ ਅਤੇ ਨਾ ਹੀ ਨਿਯੰਤਰਣ ਚਾਹੁੰਦੇ ਹਨ। ਸੁਲੇਮਾਨ ਨੇ ਇਸ ਦੇ ਨਾਲ ਸੰਘਰਸ਼ ਕੀਤਾ ਸੀ: "ਜੋ ਹੋਇਆ ਓਹੋ ਫੇਰ ਹੋਵੇਗਾ, ਜੋ ਕੀਤਾ ਗਿਆ ਹੈ ਉਹ ਫੇਰ ਕੀਤਾ ਜਾਵੇਗਾ, ਅਤੇ ਸੂਰਜ ਦੇ ਹੇਠ ਕੋਈ ਨਵੀਂ ਗੱਲ ਨਹੀਂ" (ਉਪਦੇਸ਼ਕ ਦੀ ਪੋਥੀ 1:9)। ਕੁਝ ਅਜਿਹੇ ਸਥਾਨ ਹਨ ਜਿੱਥੇ ਵਿਸ਼ਵਾਸੀ ਅਤੇ ਅਵਿਸ਼ਵਾਸੀ ਦੇ ਰੁਖ਼ ਨੂੰ ਇੱਥੋਂ ਨਾਲੋਂ ਵੀ ਵੱਧ ਕੇ ਮਾਰਕ ਕੀਤਾ ਜਾਂਦਾ ਹੈ: ਵਿਸ਼ਵਾਸੀ ਦਾ ਭਰੋਸਾ ਹੁੰਦਾ ਹੈ ਕਿ ਸੰਸਾਰ ਕਿਸੇ ਪਾਸੇ ਜਾ ਰਿਹਾ ਹੈ, ਕਿ ਉਹ ਅੰਤ ਵੱਲ ਵੱਧ ਰਿਹਾ ਹੈ। ਅਵਿਸ਼ਵਾਸੀ ਲੋਕ ਵਿਸ਼ਵਾਸ ਕਰਦੇ ਹਨ ਕਿ ਸਿਰਫ ਮੌਕਾ ਅਤੇ ਹਾਲਾਤ ਸ਼ਾਸਨ ਕਰਦੇ ਹਨ। ਸੰਸਾਰ ਕਿਤੇ ਵੀ ਨਹੀਂ ਜਾ ਰਿਹਾ ਹੈ। ਮਨੁੱਖੀ ਜੀਵਨ ਦਾ ਕੋਈ ਵੀ ਪਰਮ ਉਦੇਸ਼ ਨਹੀਂ ਹੈ।

ਸ਼ਬਦ κοιμάομαι (*ਕੋਈਮਾਓਮਾਈ*), ਜੋ ਪਤਰਸ ਨੇ "ਮੌਤ" ਦੇ ਲਈ ਇਸਤੇਮਾਲ ਕੀਤਾ, ਕਾਫੀ ਦਿਲਚਸਪ ਹੈ। ਇਹੀ ਸ਼ਬਦ ਇਸਤੀਫ਼ਾਨ ਦੀ ਮੌਤ ਦੇ ਲਈ ਵਰਤਿਆ ਗਿਆ ਹੈ। ਲੂਕਾ ਨੇ ਲਿਖਿਆ, "ਉਹ ਸੌਂ ਗਿਆ" (ਰਸੂਲਾਂ ਦੇ ਕਰਤੱਬ 7:60)। ਪੌਲੁਸ ਨੇ ਵੀ ਮੁਰਦੇ ਦੇ ਲਈ ਉਸੇ ਸ਼ਬਦ ਦਾ ਇਸਤੇਮਾਲ ਕੀਤਾ ਜਦੋਂ ਉਸ ਨੇ ਉਨ੍ਹਾਂ ਦੇ ਵਿਸ਼ੇ ਵਿਚ ਲਿਖਿਆ "ਜਿਹੜੇ ਸੁੱਤੇ ਪਏ ਹਨ" (1 ਥੱਸਲੁਨੀਕੀਆਂ 4:13)। NASB ਸੰਸਕਰਣ ਇਸ ਦਾ ਸ਼ਾਬਦਿਕ ਅਨੁਵਾਦ ਕਰਦਾ ਹੈ, ਪਰ ਬਹੁਤ ਸਾਰੇ ਸੰਸਕਰਣ ਇਸ ਕਿਰਿਆ ਦਾ ਅਨੁਵਾਦ "ਮਰ ਜਾਣਾ" ਦੇ ਰੂਪ ਵਿਚ ਕਰਦੇ ਹਨ। ਜੋ ਸਪੱਸ਼ਟ ਰੂਪ ਵਿਚ ਸ਼ਬਦ ਦਾ ਅਰਥ ਹੈ। ਫਿਰ ਵੀ, "ਸੌਂ ਜਾਣਾ" ਮਰ ਜਾਣ ਦੇ ਬਾਰੇ ਗੱਲ ਕਰਨ ਦਾ ਇੱਕ ਨਰਮ ਤਰੀਕਾ ਹੈ।

ਜਦਕਿ ਯੂਨਾਨੀ-ਰੋਮੀ ਸੰਸਾਰ ਵਿਚ "ਸੌਂ ਜਾਣਾ" ਮੌਤ ਦੇ ਲਈ ਇੱਕ ਸਧਾਰਣ ਅਲੰਕਾਰ ਸੀ, ਇਹ ਵੀ ਸੱਚ ਹੈ ਕਿ ਰੋਮੀ ਸੰਸਾਰ ਦੇ ਵਿਅਰਥ, ਭ੍ਰਿਸ਼ਟ ਚੱਕਰਾਂ ਵਿਚ ਮੌਤ ਇੱਕ ਭੱਦਾ ਵਿਸ਼ਾ ਸੀ। ਮੱਗਜ਼ ਪ੍ਰਾਚੀਨ ਕਾਲ ਤੱਕ ਰਹੇ ਇਹ ਇੱਕ ਖੋਪਰੀ ਦੇ ਰੂਪ ਵਿਚ ਢਾਲੇ ਹੁੰਦੇ ਸਨ। ਉਸ ਸਮੇਂ ਤੋਂ ਰੋਮੀ ਕਬਰ ਸਮਾਰਕ ਤੇ ਇੱਕ ਸਧਾਰਣ ਵਿਸ਼ੇਸ਼ਣ ਨਾਮ ਲਾਤੀਨੀ ਅੱਖਰ "N F F N S N C" ਹਨ, ਜੋ ਨੋਨ ਫੂਈ ਫੂਈ, ਨੋਨ ਸਮ, ਨੋਨ ਕਿਊਰੋ ਦੇ ਪਹਿਲੇ ਅੱਖਰ ਹਨ। ਜਦੋਂ ਅਨੁਵਾਦ ਕੀਤਾ ਗਿਆ ਤਾਂ ਸ਼ਬਦਾਂ ਨੂੰ ਪੜ੍ਹਿਆ ਗਿਆ, "ਮੈਂ ਨਹੀਂ

ਸੀ। ਮੈਂ ਸੀ। ਮੈਂ ਪਰਵਾਹ ਨਹੀਂ ਕਰਦਾ ਹਾਂ।"[4] ਪਤਰਸ ਦੇ ਸਮਕਾਲੀਨਾਂ ਵਿਚੋਂ ਕਈਆਂ ਦੇ ਲਈ, ਮੌਤ ਕਿਸਮਤ ਤੋਂ ਬਾਹਰ ਇੱਕ ਭੱਦੀ ਵੰਡ ਸੀ। ਮਸੀਹੀਆਂ ਦੇ ਲਈ, ਮਰਨ ਦਾ ਅਰਥ ਸੌਣਾ ਸੀ।

ਕਈ ਲੋਕ ਪਤਰਸ ਦੇ ਸ਼ਬਦਾਂ ਦੇ ਵਿਚ ਦਹਾਕਿਆਂ ਦੀ ਇੱਕ ਗਲਤੀ ਨੂੰ ਵੇਖਣਾ ਚਾਹੁੰਦੇ ਹਨ। ਉਹ ਤਰਕ ਕਰਦੇ ਹਨ ਕਿ ਇਹ ਕੋਈ ਵੱਖਰਾ ਬਿਆਨ ਨਹੀਂ ਹੈ ਜਦੋਂ ਰਸੂਲ ਕਹਿੰਦਾ ਹੈ "ਪਿਉ ਦਾਦੇ ਸੌਂ ਗਏ।" ਉਹ ਕਹਿਣਗੇ, ਪਿਉ ਦਾਦੇ ਉਹ ਹਨ ਜੋ ਪਹਿਲੇ ਮਸੀਹੀ ਸਮਾਜ ਵਿਚ ਬੁੱਢੇ ਹੋ ਗਏ ਸਨ। ਸਾਲਾਂ ਦੇ ਸਾਲ ਬੀਤ ਚੁੱਕੇ ਸਨ, ਪੀੜ੍ਹੀਆਂ ਦੀਆਂ ਪੀੜ੍ਹੀਆਂ ਮਰ ਚੁੱਕੀਆਂ ਸਨ, ਅਤੇ ਹੁਣ ਵੀ ਪ੍ਰਭੂ ਵਾਪਸ ਨਹੀਂ ਆਇਆ ਸੀ। ਝੂਠੇ ਗੁਰੂਆਂ ਨੇ ਇੱਕ ਨਿਰਾਸ਼ਾ ਭਰੀ ਆਸ ਦਾ ਜਿਸ ਨੂੰ ਬਣਾਉਣ ਵਿਚ ਇੱਕ ਲੰਬਾ ਸਮਾਂ ਲੱਗਾ ਸੀ, ਸ਼ੋਸ਼ਣ ਕੀਤਾ। ਸ਼ਬਦਾਂ ਦੀ ਇਸ ਪ੍ਰਕਾਰ ਵਿਆਖਿਆ ਕਰਨ ਤੋਂ ਬਾਅਦ, ਉਹ ਮੰਨਦੇ ਹਨ ਕਿ ਦੂਸਰੇ ਪਤਰਸ ਦੀ ਪੱਤ੍ਰੀ ਰਸੂਲ ਦੀ ਸ਼ਹਾਦਤ ਤੋਂ ਬਾਅਦ ਦੇ ਦਹਾਕਿਆਂ ਵਿਚ ਲਿਖੀ ਗਈ ਸੀ। ਇਹ ਵਿਆਖਿਆ ਕਈ ਕਾਰਨਾਂ ਦੇ ਕਾਰਨ ਅਸਫਲ ਰਹੀ ਹੈ।

ਇਸ ਪ੍ਰਕਾਰ ਦੀ ਵਿਆਖਿਆ ਇਹ ਮੰਨਦੀ ਹੈ ਕਿ ਅਜਿਹੀ ਨਿਰਾਸ਼ਾ ਨੂੰ ਸੈੱਟ ਕਰਨ ਦੇ ਲਈ ਦਹਾਕੇ ਲੱਗੇ ਹੋਣਗੇ। ਰਸੂਲੀ ਸੰਦੇਸ਼ ਇਹ ਸੀ ਕਿ "ਸਭਨਾਂ ਵਸਤਾਂ ਦਾ ਅੰਤ ਨੇੜੇ ਹੈ" (1 ਪਤਰਸ 4:7)। ਇਹ ਕਹਿਣਾ ਮੁਸ਼ਕਲ ਹੈ ਕਿ ਜ਼ਿਆਦਾਤਰ ਮਸੀਹੀ "ਨੇੜੇ" ਦਾ ਅਰਥ ਕੀ ਕੱਢਦੇ ਹਨ। ਸੰਭਾਵਨਾ ਹੈ ਕਿ ਕੁਝ ਲੋਕਾਂ ਨੇ ਸਿੱਟਾ ਕੱਢਿਆ ਹੈ ਕਿ ਪ੍ਰਭੂ ਇੱਕ ਸਾਲ ਦੇ ਅੰਦਰ ਅੰਦਰ ਆਵੇਗਾ, ਜਾਂ ਸ਼ਾਇਦ ਪੰਜਾਂ ਸਾਲਾਂ ਦੇ ਵਿਚ ਵਿਚ ਆਵੇਗਾ। ਇਹ ਨਿਰਾਸ਼ਾ ਨੂੰ ਸੈੱਟ ਕਰਨ ਦੇ ਲਈ ਇੰਤਜ਼ਾਰ ਕਰਨ ਦੇ ਦੇ ਕੋਈ ਦਹਾਕਿਆਂ ਦੀ ਲੋੜ ਨਹੀਂ ਹੋਵੇਗੀ। ਸ਼ਾਇਦ ਨਿਰਾਸ਼ਾ ਆਪਣੀ ਆਰੰਭਕ ਦਸ਼ਾ ਵਿਚ ਜ਼ਿਆਦਾ ਗਹਿਰਾਈ ਦੇ ਨਾਲ ਮਹਿਸੂਸ ਕੀਤਾ ਜਾ ਸਕਦਾ ਹੈ। ਝੂਠੇ ਗੁਰੂਆਂ ਨੇ ਇਸ ਗੱਲ ਵੱਲ ਧਿਆਨ ਖਿੱਚ ਕੇ ਅਰੰਭ ਤੋਂ ਚੀਜ਼ਾਂ ਨਹੀਂ ਬਦਲੀਆਂ ਹਨ ਮਸੀਹੀਆਂ ਦੀਆਂ ਉਮੀਦਾਂ ਦਾ ਫਾਇਦਾ ਉਠਾਇਆ। ਪੀੜ੍ਹੀਆਂ ਆਈਆਂ ਅਤੇ ਚਲੀਆਂ ਗਈਆਂ। ਉਨ੍ਹਾਂ ਦੇ ਅਨੁਸਾਰ, "ਪ੍ਰਭੂ ਦੀ ਕੋਈ ਆਮਦ" ਨਹੀਂ ਹੋਈ ਸੀ।

ਝੂਠੇ ਗੁਰੂ ਗਿਆਨ ਦੇ ਸਵੈ-ਨਿਯੁਕਤ ਸਰਪ੍ਰਸਤ ਸਨ। ਇਸੇ ਢੰਗ ਦੇ ਨਾਲ ਉਹ ਜਾਣਦੇ ਸਨ ਕਿ ਪ੍ਰਭੂ ਦੀ ਕੋਈ ਅਸਲੀ ਵਾਪਸੀ ਨਹੀਂ ਹੋਣੀ ਸੀ। ਇਸ ਤੋਂ ਇਲਾਵਾ, ਉਨ੍ਹਾਂ ਦੇ ਗਿਆਨ ਨੇ, ਜਿਵੇਂ ਉਨ੍ਹਾਂ ਨੇ ਦਾਅਵਾ ਕੀਤਾ ਸੀ, ਉਨ੍ਹਾਂ ਦੇ ਅਜ਼ਾਦੀ ਦੇ ਸੰਦੇਸ਼ (2:19), ਉਨ੍ਹਾਂ ਦੁਆਰਾ ਸ਼ਰਾ ਦੇ ਰੱਦੇ ਜਾਣ ਨੂੰ (2:21), ਅਤੇ ਉਨ੍ਹਾਂ ਦੁਆਰਾ ਸਰੀਰ ਦੀਆਂ ਕਾਮਨਾਂ ਨੂੰ ਪੂਰੀਆਂ ਕਰਨ ਨੂੰ (2:18) ਜਾਇਜ਼ ਠਹਿਰਾਇਆ ਸੀ। ਝੂਠੇ ਗੁਰੂ ਇਸ ਗੱਲ ਨੂੰ ਨਹੀਂ ਸਮਝ ਸਕੇ ਕਿ ਪ੍ਰਭੂ ਯਿਸੂ ਦਾ ਨਿਆਂ ਕਰਨ ਦੇ ਲਈ ਪਰਗਟ ਹੋਣਾ ਈਸਾਈ ਡਾਕਟ੍ਰਿਨ ਦਾ ਕੋਈ ਬਾਅਦ ਦਾ ਵਿਚਾਰ ਨਹੀਂ ਸੀ। ਯਿਸੂ ਵਾਪਸ ਆਵੇਗਾ ਇੱਕ ਦਲੇਰੀ ਭਰਿਆ ਐਲਾਨ ਹੈ ਕਿ ਮਨੁੱਖੀ ਇਤਿਹਾਸ ਕਿਤੇ ਜਾ ਰਿਹਾ ਹੈ। ਜਿਸ ਪ੍ਰਕਾਰ ਦਾ ਵਿਹਾਰ ਲੋਕ ਕਰਦੇ ਹਨ ਅਤੇ ਜੋ ਉਹ ਵਿਸ਼ਵਾਸ ਕਰਦੇ ਹਨ ਉਹ ਮਾਇਨੇ ਰੱਖਦਾ ਹੈ ਕਿਉਂਕਿ ਪਰਮੇਸ਼ੁਰ ਸੰਸਾਰ ਨੂੰ ਇੱਕ ਅੰਤਿਮ ਨਿਆਂ ਦੇ ਦਿਨ ਵੱਲ ਵਧਾ ਰਿਹਾ ਹੈ। ਸਾਰੇ ਰਾਸ਼ਟਰ ਉਸ ਦੇ ਸਾਹਮਣੇ ਇਕੱਠੇ ਕੀਤੇ ਜਾਣਗੇ (ਮੱਤੀ 25:31–33), ਅਤੇ ਹਰ ਗੋਡਾ ਝੁਕੇਗਾ (ਫ਼ਿਲਿੱਪੀਆਂ 2:10)। ਅੰਤ ਦੇ ਦਿਨ ਇੱਕ ਆਖਰੀ ਦਿਨ ਦੇ ਨਾਲ ਖਤਮ ਹੋ ਜਾਣਗੇ, "ਪ੍ਰਭੂ ਦਾ ਦਿਨ" (3:10), ਜਦੋਂ ਸਮੇਂ ਦਾ ਅੰਤ ਹੋ ਜਾਵੇਗਾ। ਇੱਕ ਅਰਥ ਵਿਚ ਮਸੀਹੀ ਵਿਸ਼ਵਾਸ ਦਾ ਹਰ ਪੁਸ਼ਟੀ ਵਿਸ਼ਵਾਸ

ਤੋਂ ਬਾਹਰ ਹੁੰਦੀ ਹੈ ਕਿ ਸਮੇਂ ਦੀ ਇੱਕ ਸ਼ੁਰੂਆਤ ਸੀ ਅਤੇ ਇਸ ਲਈ ਸਮੇਂ ਦਾ ਇੱਕ ਅੰਤ ਵੀ ਹੋਵੇਗਾ। ਇਹ ਕਹਿਣਾ ਅਵਿਸ਼ਵਾਸ ਹੈ ਕਿ "ਸਭ ਕੁਝ ਨਿਰੰਤਰ ਉਸੇ ਤਰ੍ਹਾਂ ਰਹਿੰਦਾ ਹੈ ਜਿਵੇਂ ਇਹ ਸੀ," ਇੱਕ ਅਵਿਸ਼ਵਾਸ ਜੋ ਪਦਾਰਥਵਾਦ ਅਤੇ ਆਧੁਨਿਕ ਪੱਛਮੀ ਸੱਭਿਆਚਾਰ ਵਿਚ ਚੰਗੀ ਤਰ੍ਹਾਂ ਗੱਡਿਆ ਹੋਇਆ ਹੈ।

**ਆਇਤ 5.** ਪਤਰਸ ਨੇ ਇਸ ਗੱਲ ਉੱਤੇ ਬਹਿਸ ਕਰਦੇ ਹੋਏ ਕਿ ਇੱਕ ਸ਼ੁਰੂਆਤ ਵੀ ਸੀ ਅੰਤ ਦੇ ਲਈ ਦਲੀਲ ਦਿੱਤੀ। ਦੋਵੇਂ ਆਪਸ ਵਿਚ ਸੰਬੰਧਤ ਹਨ। ਜਿਸ ਨੂੰ ਪਰਮੇਸ਼ੁਰ ਨੇ ਹੋਂਦ ਵਿਚ ਲਿਆਂਦਾ ਹੈ, ਉਸ ਦਾ ਪਰਮੇਸ਼ੁਰ ਅੰਤ ਵੀ ਕਰ ਸਕਦਾ ਹੈ। ਯਿਸੂ ਦੀ ਸਲੀਬੀ ਮੌਤ ਅਤੇ ਜੀ ਉੱਠਣ ਦੇ ਨਾਲ ਅੰਤਿਮ ਦਿਨ ਪਹਿਲਾਂ ਤੋਂ ਹੀ ਸ਼ੁਰੂ ਹੋ ਗਏ ਸਨ। ਜੀ ਉੱਠਿਆ ਯਿਸੂ ਅੰਤਿਮ ਨਿਆਂ ਦੇ ਲਈ ਫਿਰ ਤੋਂ ਆ ਰਿਹਾ ਹੈ। ਸ਼ੁਰੂਆਤ ਅਤੇ ਅੰਤ ਸੱਚ ਹਨ ਕਿਉਂਕਿ ਪਰਮੇਸ਼ੁਰ ਸੱਚ ਹੈ। ਉਨ੍ਹਾਂ ਲੋਕਾਂ ਦੇ ਵਿਸ਼ੇ ਵਿਚ ਬੋਲਦੇ ਹੋਏ ਜੋ ਇਸ ਗੱਲ ਦਾ ਇਨਕਾਰ ਕਰਦੇ ਹਨ ਕਿ ਪਰਮੇਸ਼ੁਰ ਨਿਆਂ ਦੇ ਲਈ ਆਵੇਗਾ, ਪਤਰਸ ਨੇ ਇਸ ਗੱਲ ਨੂੰ ਵੇਖਿਆ ਕਿ **ਓਹ ਜਾਣ ਬੁੱਝ ਕੇ ਇਹ ਭੁਲਾ ਛੱਡਦੇ ਹਨ ਭਈ ਪਰਮੇਸ਼ੁਰ ਦੇ ਬਚਨ ਨਾਲ ਅਕਾਸ਼ ਪਰਾਚੀਨਕਾਲ ਤੋਂ ਹਨ**। ਬਿੰਦੂ ਇਹ ਹੈ ਕਿ ਉਹ ਪਰਮੇਸ਼ੁਰ ਦੇ ਹੁਕਮ ਦੇ ਨਾਲ ਹੋਂਦ ਵਿਚ ਆਏ ਹਨ; ਉਹ ਪਰਮੇਸ਼ੁਰ ਦੇ ਹੁਕਮ ਦੇ ਨਾਲ ਖਤਮ ਹੋ ਜਾਣਗੇ।

ਜਦੋਂ ਪਤਰਸ ਨੇ ਰਚਨਾ ਦੇ ਵਿਸ਼ੇ ਵਿਚ ਲਿਖਿਆ, ਉਸ ਸਮੇਂ ਉਹ ਪੁਰਾਣੇ ਨੇਮ ਦੇ ਨਬੀਆਂ ਅਤੇ ਬੁੱਧੀਮਾਨਾਂ ਦੀ ਇੱਕ ਮਹਾਨ ਪਰੰਪਰਾ ਦੇ ਵਿਚਕਾਰ ਖੜਾ ਸੀ। ਉਸ ਨੇ ਦੇਵਤਿਆਂ ਦੇ ਵਿਚਕਾਰ ਕੋਈ ਮਿਥਿਹਾਸਿਕ ਲੜਾਈ ਸੈੱਟ ਨਹੀਂ ਕੀਤੀ ਜੋ ਧਰਤੀ ਉੱਤੇ ਮਨੁੱਖਜਾਤੀ ਦੇ ਸਥਾਨ ਵਿਚ ਹੋਈ ਸੀ। ਉਸ ਨੇ ਵਿਆਖਿਆ ਕਰਨ ਵਿਚ ਕੋਈ ਕੋਸ਼ਿਸ਼ ਨਹੀਂ ਕੀਤੀ ਜੋ ਕਿ ਆਧੁਨਿਕ ਵਿਗਿਆਨਿਕਾਂ ਨੂੰ ਸੰਤੁਸ਼ਟ ਕਰੇਗਾ। ਉਸ ਨੇ ਸਿਰਫ ਇਸ ਗੱਲ ਤੇ ਜ਼ੋਰ ਦਿੱਤਾ। ਰਸੂਲ ਨੇ ਇਸ ਨੂੰ ਆਤਮ-ਸਬੂਤ ਦੇ ਰੂਪ ਵਿਚ ਲਿਆ ਕਿ ਉਤਪਤ ਵਿਚਲਾ ਵਰਣਨ ਸਹੀ ਸੀ। ਪਰਮੇਸ਼ੁਰ ਨੇ ਵਚਨ ਕੀਤਾ ਅਤੇ ਸੰਸਾਰ ਹੋਂਦ ਵਿਚ ਆ ਗਿਆ। ਇਹ ਵਿਸ਼ਵਾਸ ਦਾ ਇੱਕ ਬਿਆਨ ਸੀ। ਸੱਚਾਈ ਦੇ ਵਿਸ਼ੇ ਵਿਚ ਸਾਰੇ ਦ੍ਰਿੜ ਵਚਨ, ਭਾਵੇਂ ਉਹ "ਵਿਗਿਆਨਕ" ਹੋਣ ਜਾਂ ਉਨ੍ਹਾਂ ਉੱਤੇ ਕੁਝ ਹੋਰ ਲੇਬਲ ਚਿਪਕੇ ਹੋਏ ਹੋਣ, ਵਿਸ਼ਵਾਸ ਦੇ ਇੱਕ ਬਿਆਨ ਦੇ ਨਾਲ ਸ਼ੁਰੂ ਹੁੰਦੇ ਹਨ; ਪਰ ਵਿਸ਼ਵਾਸ ਦੇ ਸਾਰੇ ਬਿਆਨ ਇਕੋ ਕ੍ਰਮ ਵਿਚ ਨਹੀਂ ਹਨ।

ਵੈਕਲਪਿਕ ਵਿਸ਼ਵਾਸ ਦੇ ਇਹ ਬਿਆਨ ਹਨ ਕਿ ਕਾਇਨਾਤ ਦੀ ਕੋਈ ਸ਼ੁਰੂਆਤ ਨਹੀਂ ਹੈ, ਅਤੇ ਪਦਾਰਥ ਆਪਣੇ ਆਪ ਵਿਚ ਅਨੰਤ ਹੈ, ਅਤੇ ਪਦਾਰਥ ਵਿਚ ਇੱਛਾ ਅਤੇ ਪੈਦਾ ਕਰਨ ਦੀ ਸ਼ਕਤੀ ਅੰਤਰ-ਭੂਤ ਹੈ ਤਾਂ ਕਿ ਕੁਦਰਤ ਦੀ ਸੁਵਿਵਸਥਾ ਨੂੰ ਅਤੇ ਜੀਵਨ ਦੇ ਅਜੂਬਿਆਂ ਨੂੰ ਪੈਦਾ ਕੀਤਾ ਜਾ ਸਕੇ। ਵਿਗਿਆਨ ਅਤੇ ਤਕਨਾਲੋਜੀ ਵਿਚ ਤਰੱਕੀ ਦੇ ਨਾਲ, ਇੱਕ ਅਵਿਸ਼ਵਾਸਯੋਗ ਹੰਕਾਰ ਮਨੁੱਖੀ ਪਰਿਵਾਰ ਦੇ ਵਿਚ ਰੇਂਗਦਾ ਹੈ – ਇੱਕ ਅਜਿਹਾ ਹੰਕਾਰ ਜਿਸ ਦੇ ਬਾਰੇ ਕਿਸੇ ਨੂੰ ਸ਼ੱਕ ਹੈ ਕਿ ਪਰਮੇਸ਼ੁਰ ਉਸ ਨੂੰ ਲੱਭ ਕੇ ਬਾਹਰ ਕੱਢ ਲਵੇਗਾ, ਜੋ ਇੱਕ ਪਾਸੇ, ਅਸਹਿ ਹੈ ਅਤੇ, ਦੂਜੇ ਪਾਸੇ, ਦਿਲਚਸਪ ਹੈ। ਮਸੀਹੀ ਦੇ ਵਿਸ਼ਵਾਸ ਦਾ ਬਿਆਨ ਦੁਨੀਆਂ ਦੇ ਵਿਚਾਰ ਅਤੇ ਮਨੁੱਖੀ ਜੀਵਨ ਤੇ ਅਧਾਰਤ ਹੈ। ਇਹ ਧਿਆਨ ਵਿਚ ਰੱਖਣ ਵਾਲੀ ਗੱਲ ਹੈ ਕਿ ਪਰਮੇਸ਼ੁਰ ਨੇ ਆਪਣੇ ਆਪ ਦੇ ਵਿਸ਼ੇ ਵਿਚ ਜੋ ਪਰਕਾਸ਼ਨ ਦਿੱਤਾ ਹੈ ਉਹ ਕੁਦਰਤ ਵਿਚ ਅਤੇ ਉਸ ਦੇ ਵਚਨ ਵਿਚ ਪਾਇਆ ਜਾਂਦਾ ਹੈ। ਇਹ ਵਧੀਆ ਕਾਰਨ ਦੇ ਨਾਲ ਹੈ ਕਿ ਪਤਰਸ ਨੇ ਆਪਣੇ ਪਾਠਕਾਂ ਨੂੰ ਯਾਦ ਕਰਵਾਇਆ ਕਿ ਝੂਠੇ ਗੁਰੂ ਜੋ ਪ੍ਰਭੂ

ਦੀ ਆਮਦ ਦਾ ਇਨਕਾਰ ਕਰਦੇ ਹਨ ਉਹ ਭੁੱਲ ਗਏ ਹਨ ਕਿ "ਪਰਮੇਸ਼ੁਰ ਦੇ ਬਚਨ ਦੇ ਨਾਲ" ਅਕਾਸ਼ ਅਤੇ ਧਰਤੀ ਦੀ ਸ਼ੁਰੂਆਤ ਹੋਈ ਸੀ।

ਭਾਵੇਂ ਇਹ ਹੈਰਾਨੀ ਦੀ ਗੱਲ ਨਹੀਂ ਹੈ ਕਿ ਪਤਰਸ ਨੇ ਇਸ ਗੱਲ ਦੇ ਸਬੂਤ ਦੇ ਤੌਰ ਤੇ ਕਾਇਨਾਤ ਦੇ ਅਰੰਭ ਵੱਲ ਇਸ਼ਾਰਾ ਕੀਤਾ ਕਿ ਇੱਕ ਅੰਤ ਹੋਵੇਗਾ ਕਿ ਉਸ ਦੇ ਚੁਣੇ ਹੋਏ ਸ਼ਬਦ ਹੈਰਾਨੀਜਨਕ ਹਨ। ਪਤਰਸ ਨੇ ਇਸ ਗੱਲ ਦੀ ਘੋਸ਼ਣਾ ਕੀਤੀ ਕਿ **ਧਰਤੀ ਪਾਣੀ ਵਿੱਚੋਂ ਅਤੇ ਪਾਣੀ ਦੇ ਵਿੱਚ ਇਸਥਿਰ ਹੈ**। ਸ਼ਾਇਦ ਉਹ ਜੀਵਨ ਦੀ ਹੋਂਦ ਦੇ ਲਈ ਪਾਣੀ ਦੀ ਲੋੜ ਦੇ ਵਿਸ਼ੇ ਵਿਚ ਕੁਝ ਵੀ ਨਹੀਂ ਕਹਿ ਰਿਹਾ ਸੀ, ਪਰ ਇਸ ਨੂੰ ਉਸ ਦੇ ਸ਼ਬਦਾਂ ਵਿਚ ਵੇਖਣਾ ਆਕਰਸ਼ਕ ਹੈ। ਇਸ ਦੀ ਬਜਾਇ, ਪਤਰਸ ਨਿਆਂ ਦੇ ਵਿਸ਼ੇ ਤੱਕ ਅਗਵਾਈ ਕਰ ਰਿਹਾ ਸੀ। ਉਤਪਤ ਦੀ ਕਿਤਾਬ ਅਲੰਕਾਰਿਕ ਭਾਸ਼ਾ ਵਿਚ ਅੰਬਰ ਦੇ ਹੇਠਲੇ ਪਾਣੀਆਂ ਨੂੰ ਅੰਬਰ ਦੇ ਉੱਪਰਲੇ ਪਾਣੀਆਂ ਤੋਂ ਵੱਖਰਾ ਕਰਨ ਦਾ ਵਰਣਨ ਕੀਤਾ ਹੈ। ਇਸ ਤੋਂ ਇਲਾਵਾ ਇਸ ਨੇ ਧਰਤੀ ਦੇ ਪਾਣੀਆਂ ਦੇ ਇੱਕ ਸਥਾਨ ਤੇ ਇਕੱਠੇ ਹੋ ਜਾਣ ਦਾ ਵਰਣਨ ਕੀਤਾ ਹੈ ਤਾਂ ਕਿ ਸੁੱਕੀ ਧਰਤੀ ਦਿੱਸ ਪਵੇ (ਉਤਪਤ 1:6–10)। ਪਰਮੇਸ਼ੁਰ ਦੇ ਦੁਆਰਾ ਪਾਣੀਆਂ ਦਾ ਪ੍ਰਬੰਧ ਕਰਨਾ, ਪਾਣੀਆਂ ਦੇ ਉੱਤੇ ਉਸ ਦੀ ਪ੍ਰਭੂਤਾ ਨੇ, ਰਚਨਾ ਦੀ ਕਹਾਣੀ ਵਿਚ ਮਹੱਤਵਪੂਰਣ ਭੂਮਿਕਾ ਨਿਭਾਈ ਹੈ। ਸਪੱਸ਼ਟ ਤੌਰ ਤੇ ਉਹ ਪਰਮੇਸ਼ੁਰ ਦੇ ਪ੍ਰਬੰਧ ਦੇ ਵਿਸ਼ੇ ਵਿਚ ਸੀ, ਪਤਰਸ ਰਚਨਾ ਦੇ ਵਿਚ ਪਾਣੀ ਦੇ ਨਾਲ ਉਨ੍ਹਾਂ ਜ਼ਿਆਦਾ ਸੰਬੰਧਤ ਨਹੀਂ ਸੀ ਜਿਨ੍ਹਾਂ ਉਹ ਨਿਆਂ ਦੇ ਵਿਚ ਪਾਣੀ ਨਾਲ ਸੰਬੰਧਤ ਸੀ। ਉਹ ਦੀ ਗੱਲ ਹੋਰ ਵੀ ਸਪੱਸ਼ਟ ਹੋ ਜਾਂਦੀ ਹੈ ਜਦੋਂ ਉਹ ਦਾ ਵਿਚਾਰ ਅੱਗੇ ਵੱਧਦਾ ਹੈ।

**ਆਇਤ 6.** ਇਨ੍ਹਾਂ ਦੋ ਛੋਟੀਆਂ ਪੱਤ੍ਰੀਆਂ ਵਿਚ, ਪਤਰਸ ਨੇ ਤਿੰਨ ਵਾਰ ਜਲ ਪਰਲੋ ਨੂੰ ਯਾਦ ਕੀਤਾ ਸੀ (1 ਪਤਰਸ 3:20; 2 ਪਤਰਸ 2:5; 3:6)। ਸਾਰੀਆਂ ਤਿੰਨਾਂ ਉਦਾਹਰਣਾਂ ਵਿਚ ਜਲ ਪਰਲੋ ਇੱਕ ਯਾਦਗਾਰ ਸੀ ਕਿ ਜਿਵੇਂ ਪਰਮੇਸ਼ੁਰ ਦੇ ਨਿਆਂ ਨੇ ਪੁਰਾਣੇ ਸਮੇਂ ਦੇ ਸੰਸਾਰ ਦੇ ਅੰਤ ਲੈ ਆਂਦਾ ਸੀ, ਉਸੇ ਪ੍ਰਕਾਰ ਉਸ ਦਾ ਨਿਆਂ ਵਰਤਮਾਨ ਯੁੱਗ ਦੇ ਸੰਸਾਰ ਦੇ ਅੰਤ ਨੂੰ ਵੀ ਲੈ ਆਵੇਗਾ। ਇਸ ਆਇਤ ਦੇ ਸ਼ੁਰੂਆਤੀ ਸ਼ਬਦ, **ਜਿਨ੍ਹਾਂ ਦੇ ਕਾਰਨ** (δι' ὧν, *ਡੀ ਹੋਨ*), ਇਸ ਗੱਲ ਵਿਚ ਭਰਮਾ ਰਹੇ ਹਨ ਕਿ ਯੂਨਾਨੀ ਪੜਨਾਂਵ ਬਹੁਵਚਨ ਹੈ। ਸਪੱਸ਼ਟ ਰੂਪ ਵਿਚ ਪਤਰਸ ਦਾ ਅਰਥ ਸੀ ਕਿ ਪਰਮੇਸ਼ੁਰ ਦੇ ਵਚਨ ਅਤੇ ਪਾਣੀ ਦੇ "ਦੁਆਰਾ," ਜਾਂ "ਦੇ ਰਾਹੀਂ," **ਉਸ ਸਮੇਂ ਦਾ ਜਗਤ ਪਾਣੀ ਵਿੱਚ ਡੁੱਬ ਕੇ ਨਾਸ ਹੋਇਆ।** ਇਹ ਸਿਰਫ ਜਲ ਪਰਲੋ ਨਹੀਂ ਸੀ ਜਿਸ ਨੇ ਸੰਸਾਰ ਨੂੰ ਨਾਸ ਕਰ ਦਿੱਤਾ ਸੀ, ਪਰ ਪਰਮੇਸ਼ੁਰ ਦਾ ਵਚਨ ਨਾਸ ਦੇ ਲਈ ਸਹਾਇਕ ਕਾਰਨ ਸੀ। ਰਸੂਲ ਨੇ ਉਨ੍ਹਾਂ ਲੋਕਾਂ ਨੂੰ ਯਾਦ ਦਿਵਾਇਆ ਹੈ ਜੋ ਪ੍ਰਭੂ ਦੀ ਆਮਦ ਦੇ ਇਨਕਾਰ ਕਰਦੇ ਹਨ ਕਿ ਪਰਮੇਸ਼ੁਰ ਹੀ ਸ੍ਰਿਸ਼ਟੀਕਰਤਾ ਹੈ। ਸ੍ਰਿਸ਼ਟੀਕਰਤਾ ਨੇ ਪੁਰਾਣੇ ਸਮੇਂ ਦੇ ਵਿਚ ਸੰਸਾਰ ਦਾ ਨਿਆਂ ਕੀਤਾ ਅਤੇ ਇਸ ਨੂੰ ਨਾਸ ਕੀਤਾ ਸੀ। ਜਿਵੇਂ ਨਿਸ਼ਚਤ ਤੌਰ ਦੇ ਨਾਲ ਉਸ ਨੇ ਪੁਰਾਣੇ ਸਮੇਂ ਦੇ ਸੰਸਾਰ ਨੂੰ ਨਿਆਂ ਦੇ ਲਈ ਬੁਲਾਇਆ ਸੀ, ਉਹ ਇਸ ਨੂੰ ਦੁਬਾਰਾ ਨਿਆਂ ਦੇ ਲਈ ਬੁਲਾਵੇਗਾ।

**ਆਇਤ 7.** ਜਿਵੇਂ ਪਰਮੇਸ਼ੁਰ ਦਾ ਵਚਨ ਸੰਸਾਰ ਦੀ ਰਚਨਾ ਅਤੇ ਪਾਣੀ ਦੇ ਨਾਲ ਉਸ ਦੇ ਵਿਨਾਸ ਵਿਚ ਇੱਕ ਮਹੱਤਵਪੂਰਣ ਭੂਮਿਕਾ ਨਿਭਾਈ ਸੀ, **ਪਰ ਅਕਾਸ਼ ਅਤੇ ਧਰਤੀ ਜਿਹੜੇ ਹੁਣ ਹਨ ਸਾੜੇ ਜਾਣ ਦੇ ਲਈ ਓਸੇ ਬਚਨ ਨਾਲ ਰੱਖ ਛੱਡੇ ਹੋਏ ਹਨ**। ਜੋ ਪਹਿਲਾਂ ਬੀਤ ਚੁੱਕਾ ਸੀ ਉਸ ਦੀ ਤੁਲਨਾ ਤੇ ਨਿਸ਼ਾਨ ਲਗਾਉਂਦੇ ਹੋਏ, ਆਇਤ ਵਿਰੋਧਸੂਚਕ ਯੋਜਕ (δέ, *ਡੀ*) ਦੇ ਨਾਲ ਸ਼ੁਰੂ ਹੁੰਦੀ ਹੈ। NASB ਸਹੀ ਤਰੀਕੇ ਦੇ ਨਾਲ ਇਸ ਦਾ

ਅਨੁਵਾਦ **ਪਰ** ਦੇ ਰੂਪ ਵਿਚ ਕਰਦਾ ਹੈ। ਇਹ ਤੁਲਨਾ ਪੁਰਾਣੇ ਸਮੇਂ ਦੇ ਸਵਰਗ ਅਤੇ ਧਰਤੀ ਦੇ ਸੁਭਾਅ ਜਾਂ ਵਰਤਮਾਨ ਸਮੇਂ ਦੇ ਸਵਰਗ ਜਾਂ ਨਰਕ ਦੇ ਸੁਭਾਅ ਦੇ ਵਿਚ ਇੰਨੀ ਜ਼ਿਆਦਾ ਨਹੀਂ ਹੈ ਜਿੰਨੀ ਇਹ ਨਿਆਂ ਦੇ ਤਰੀਕੇ ਦੇ ਵਿਚਕਾਰ ਹੈ। ਪਰਮੇਸ਼ੁਰ ਨੇ ਪੁਰਾਤਨ "ਸਵਰਗ ਅਤੇ ਧਰਤੀ" ਦਾ ਨਿਆਂ ਪਾਣੀ ਦੇ ਨਾਲ ਕੀਤਾ ਸੀ; ਵਰਤਮਾਨ ਸਵਰਗ ਅਤੇ ਧਰਤੀ ਦਾ ਨਿਆਉਂ ਉਹ ਅੱਗ ਦੇ ਨਾਲ ਕਰੇਗਾ। ਵਾਕ "ਅਕਾਸ਼ ਅਤੇ ਧਰਤੀ" ਸੰਸਾਰ ਦੇ ਲਈ ਇੱਕ ਸ਼ਬਦ ਅਧਿਕਤਾ ਹੈ ਜਿਵੇਂ ਮਨੁੱਖ ਇਸ ਦਾ ਅਨੁਭਵ ਕਰਦੇ ਹਨ। ਇਸ ਲਈ, ਇਹ ਸਵਾਲ ਕਿ ਕਿਵੇਂ ਇੱਕ ਜਲ ਪਰਲੋ ਨੂੰ ਅਕਾਸ਼ ਦਾ ਨਿਆਂ ਕਰਨ ਦੇ ਲਈ ਮੰਨਿਆ ਜਾ ਸਕਦਾ ਹੈ ਅਸੰਗਤ ਹੈ। ਮੁੱਦਾ ਇਹ ਹੈ ਕਿ ਸਾਰੀ ਸ੍ਰਿਸ਼ਟੀ ਪਰਮੇਸ਼ੁਰ ਦੇ ਨਿਆਂ ਦੇ ਅਧੀਨ ਹੈ।

ਜਲ ਪਰਲੋ ਤੋਂ ਬਾਅਦ, ਪਰਮੇਸ਼ੁਰ ਨੇ ਨੂਹ ਨੂੰ ਭਰੋਸਾ ਦੁਆਇਆ, "ਮੈਂ ਫੇਰ ਕਦੀ ਸਰਬੱਤ ਜੀਆਂ ਨੂੰ ਨਹੀਂ ਮਾਰਾਂਗਾ ਜਿਵੇਂ ਮੈਂ ਹੁਣ ਕੀਤਾ ਹੈ" (ਉਤਪਤ 8:21)। ਵਿਆਖਿਆ ਕਰਨ ਵਾਲੇ ਯਹੂਦੀ ਆਮ ਤੌਰ ਤੇ ਅੰਤਿਮ ਵਾਕ ਨੂੰ ਸਮਝਦੇ ਸਨ, "ਜਿਵੇਂ ਮੈਂ ਹੁਣ ਕੀਤਾ ਹੈ," ਦਾ ਅਰਥ ਹੈ ਕਿ ਪਾਣੀ ਦੇ ਦੁਆਰਾ ਦੁਬਾਰਾ ਸਾਰੀ ਦੁਨੀਆਂ ਦਾ ਨਿਆਂ ਨਹੀਂ ਕੀਤਾ ਜਾਵੇਗਾ। ਇਹ ਇਸ ਗੱਲ ਦਾ ਵਾਇਦਾ ਨਹੀਂ ਹੈ ਕਿ ਪਰਮੇਸ਼ੁਰ ਦੁਬਾਰਾ ਕਦੀ ਵੀ ਸਾਰੀ ਦੁਨੀਆਂ ਤੇ ਨਿਆਂ ਨਹੀਂ ਭੇਜੇਗਾ। ਜਲ ਪਰਲੋ ਤੋਂ ਬਹੁਤ ਸਾਲ ਬਾਅਦ, ਮੂਸਾ ਦੇ ਗੀਤਾਂ ਵਿਚ ਬਿਵਸਥਾ ਸਾਰ ਦੀ ਪੁਸਤਕ ਦੇ ਅੰਤ ਵਿਚ, ਪਰਮੇਸ਼ੁਰ ਨੇ ਸ਼ਰਾ ਦੇ ਦੇਣ ਵਾਲੇ ਦੇ ਮੂੰਹ ਵਿਚ ਇਹ ਸ਼ਬਦ ਪਾ ਦਿੱਤੇ: "ਕਿਉਂ ਜੋ ਮੇਰੇ ਕ੍ਰੋਧ ਵਿੱਚੋਂ ਅੱਗ ਭੜਕ ਉੱਠੀ ਹੈ, ਅਤੇ ਸਭ ਤੋਂ ਹੇਠਲੇ ਪਤਾਲ ਤੀਕ ਬਲਦੀ ਜਾਂਦੀ ਹੈ, ਅਤੇ ਧਰਤੀ ਨੂੰ ਉਸ ਦੀ ਪੈਦਾਵਾਰ ਸਣੇ ਭਸਮ ਕਰਦੀ ਜਾਂਦੀ ਹੈ, ਸਗੋਂ ਪਹਾੜ ਦੀਆਂ ਨੀਆਂ ਨੂੰ ਅੱਗ ਲਾਉਂਦੀ ਹੈ" (ਬਿਵਸਥਾ ਸਾਰ 32:22)।

ਨਵੇਂ ਨੇਮ ਦੇ ਸਮੇਂ ਤੱਕ ਦੇ ਮੋਹਰੀ ਯਹੂਦੀਆਂ ਦੇ ਲਈ ਇਸ ਗੱਲ ਤੇ ਜ਼ੋਰ ਦੇਣਾ ਸਧਾਰਣ ਗੱਲ ਸੀ ਕਿ ਪਰਮੇਸ਼ੁਰ ਧਰਤੀ ਉੱਤੇ ਅੱਗ ਦੇ ਦੁਆਰਾ ਵਿਸ਼ਵ-ਵਿਆਪੀ ਨਿਆਂ ਨੂੰ ਭੇਜੇਗਾ। ਪੌਲੁਸ ਨੇ ਆਪਣੇ ਪਾਠਕਾਂ ਨੂੰ ਭਰੋਸਾ ਦੁਆਇਆ, "ਪ੍ਰਭੁ ਯਿਸੂ ਆਪਣੇ ਬਲਵੰਤ ਦੂਤਾਂ ਸਣੇ ਭੜਕਦੀ ਅੱਗ ਵਿੱਚ ਅਕਾਸ਼ੋਂ ਪਰਗਟ ਹੋਵੇਗਾ। ਅਤੇ ਜਿਹੜੇ ਪਰਮੇਸ਼ੁਰ ਨੂੰ ਨਹੀਂ ਜਾਣਦੇ ਅਤੇ ਸਾਡੇ ਪ੍ਰਭੁ ਯਿਸੂ ਦੀ ਇੰਜੀਲ ਨੂੰ ਨਹੀਂ ਮੰਨਦੇ ਓਹਨਾਂ ਨੂੰ ਬਦਲਾ ਦੇਵੇਗਾ" (2 ਥੱਸਲੁਨੀਕੀਆਂ 1:7, 8)। ਪਤਰਸ ਦੇ ਲਈ, ਵੀ, ਨਿਆਂ ਦਾ ਦਿਨ ਉਹ ਦਿਨ ਹੋਵੇਗਾ ਜਦੋਂ ਪ੍ਰਭੂ ਯਿਸੂ ਅੱਗ ਵਿਚ ਪਰਗਟ ਹੋਵੇਗਾ।

ਪਤਰਸ ਦੇ ਪਾਠਕ ਰਸੂਲ ਦੇ ਦੁਆਰਾ ਸਥਾਪਤ ਕੀਤੀ ਗਈ ਯੋਗਤਾ ਨੂੰ ਗ੍ਰਹਿਣ ਕਰਨ ਦੇ ਵਿਚ ਕਦੀ ਵੀ ਅਸਫਲ ਨਹੀਂ ਹੋ ਸਕਦੇ ਹਨ। ਸਾਰੇ ਲੋਕਾਂ ਨਿਆਂ ਨਹੀਂ, ਪਰ ਸਿਰਫ ਦੁਸ਼ਟਾਂ ਦੇ ਨਿਆਂ ਹੀ ਅੱਗ ਦੇ ਨਾਲ ਕੀਤਾ ਜਾਵੇਗਾ। ਅੱਗ ਦੇ ਨਾਲ **ਨਿਆਉਂ** ਦਾ ਦਿਨ **ਭਗਤੀਹੀਣ ਮਨੁੱਖਾਂ ਦੇ ਨਾਸ ਹੋਣ** ਦੇ ਲਈ ਹੋਵੇਗਾ। ਬੇਸ਼ੱਕ "ਭਗਤੀਹੀਣ ਲੋਕਾਂ," ਦੇ ਵਿਚਕਾਰ, ਝੂਠੇ ਗੁਰੂ ਹੋਣਗੇ ਜੋ ਮੰਗ ਕਰ ਰਹੇ ਸਨ, "ਉਹ ਦੇ ਆਉਣ ਦੇ ਕਰਾਰ ਦਾ ਕੀ ਪਤਾ ਹੈ?" ਉਹੀ ਦਿਨ ਜੋ ਭਗਤੀਹੀਣ ਮਨੁੱਖਾਂ ਦੇ ਨਾਸ ਹੋਣ ਦਾ ਦਿਨ ਹੋਵੇਗਾ, ਉਹੀ ਦਿਨ ਉਨ੍ਹਾਂ ਲੋਕਾਂ ਦੇ ਛੁਟਕਾਰੇ ਅਤੇ ਮੁਕਤੀ ਦਾ ਦਿਨ ਹੋਵੇਗਾ ਜੋ "ਪਰਮੇਸ਼ੁਰ ਦੇ ਉਸ ਦਿਨ ਦੇ ਆਉਣ ਨੂੰ ਉਡੀਕਦੇ ਅਤੇ ਲੋਚਦੇ ਰਹੇ" ਸਨ (3:12)।

ਆਧੁਨਿਕ ਲੋਕਾਂ ਨੇ, ਮਸੀਹੀ ਅਤੇ ਗੈਰ ਮਸੀਹੀਆਂ ਨੇ, ਕਿਆਮਤ ਦੇ ਦਿਨ ਦੀਆਂ

ਮਨਘੜਤ ਕਹਾਣੀਆਂ ਬਣਾਈਆਂ ਹੋਈਆਂ ਹਨ ਜੋ ਦੁਨੀਆਂ ਦਾ ਅੰਤ ਦਾ ਸਾਧਨ ਹੋ ਸਕਦੀਆਂ ਹਨ। ਸ਼ਾਇਦ ਧਰਤੀ ਦੇ ਵਿਚੋਂ ਜਵਾਲਾਮੁਖੀ ਤਾਕਤਾਂ ਫੁੱਟ ਨਿਕਲਣਗੀਆਂ ਅਤੇ ਸਾਰੇ ਜੀਵਨ ਨਾਸ ਹੋ ਜਾਣਗੇ, ਜਾਂ ਯੁੱਧ ਕਰ ਰਹੇ ਰਾਸ਼ਟਰ ਸ਼ਾਇਦ ਇੱਕ ਪਰਮਾਣੂ ਸਰਬਨਾਸ ਦੇ ਨਾਲ ਚੀਜ਼ਾਂ ਦਾ ਅੰਤ ਕਰ ਦੇਣਗੇ। ਸ਼ਾਇਦ ਇੱਕ ਵਿਸ਼ਾਲ ਉਲਕਾ ਧਰਤੀ ਦੇ ਨਾਲ ਟਕਰਾਵੇਗਾ ਅਤੇ ਜੀਵਨ ਨੂੰ ਖਤਮ ਕਰ ਦੇਵੇਗਾ। ਸਾਡੇ ਸਾਰੇ ਵਿਗਿਆਨਕ ਚਮਤਕਾਰਾਂ ਦੇ ਕਾਰਨ, ਆਧੁਨਿਕ ਲੋਕਾਂ ਨੂੰ ਸਭ ਚੀਜ਼ਾਂ ਦੇ ਲਈ ਇੱਕ ਅੰਤ ਦੀ ਧਾਰਣਾ ਨੂੰ ਗ੍ਰਹਿਣ ਕਰਨ ਵਿਚ ਥੋੜੀ ਜਿਹੀ ਪਰੇਸ਼ਾਨੀ ਹੁੰਦੀ ਹੈ। ਇੱਥੋਂ ਤੱਕ ਕਿ ਅਵਿਸ਼ਵਾਸੀ ਲੋਕਾਂ ਦੇ ਲਈ ਵੀ, ਕਾਇਨਾਤ ਇੱਕ ਡਰਾਉਣਾ ਅਤੇ ਅਨਿਸ਼ਚਤ ਸਥਾਨ ਹੈ। ਪਵਿੱਤਰ ਬਾਈਬਲ ਇੱਥੋਂ ਤੱਕ ਸਪੱਸ਼ਟ ਕਰਦੀ ਹੈ: ਜਦੋਂ ਅੰਤ ਆਵੇਗਾ ਤਾਂ ਇਹ ਕੋਈ ਸੁਯੋਗ ਨਾਲ ਘੱਟਣ ਵਾਲੀ ਘਟਨਾ ਨਹੀਂ ਹੋਵੇਗੀ। ਪਰਮੇਸ਼ੁਰ ਆਪਣੀ ਇੱਛਾ ਦੇ ਮੁਤਾਬਿਕ ਸੰਸਾਰ ਦੇ ਅੰਤ ਨੂੰ ਲੈ ਆਵੇਗਾ, ਜਦੋਂ ਉਹ ਆਪਣੇ ਪੁੱਤਰ ਨੂੰ ਦੂਜੀ ਵਾਰ ਭੇਜੇਗਾ। ਨਿਆਉਂ ਅਤੇ ਅਨੰਤਤਾ ਵੀ ਉਸ ਦੇ ਪਿੱਛੇ ਪਿੱਛੇ ਆਉਣਗੇ।

## "ਪ੍ਰਭੂ ਦਾ ਦਿਨ" (3:8-10)

**8ਹੇ ਪਿਆਰਿਓ, ਇੱਕ ਇਹ ਗੱਲ ਤੁਹਾਥੋਂ ਭੁੱਲੀ ਨਾ ਰਹੇ ਭਈ ਪ੍ਰਭੁ ਦੇ ਅੱਗੇ ਇੱਕ ਦਿਨ ਹਜ਼ਾਰ ਵਰੇ ਜਿਹਾ ਹੈ ਅਤੇ ਹਜ਼ਾਰ ਵਰਹਾ ਇੱਕ ਦਿਨ ਜਿਹਾ ਹੈ। 9ਪ੍ਰਭੁ ਆਪਣੇ ਵਾਇਦੇ ਦਾ ਮੱਠਾ ਨਹੀਂ ਜਿਵੇਂ ਕਿੰਨੇ ਹੀ ਮੱਠੇ ਦਾ ਭਰਮ ਕਰਦੇ ਹਨ ਪਰ ਉਹ ਤੁਹਾਡੇ ਨਾਲ ਧੀਰਜ ਕਰਦਾ ਹੈ ਕਿਉਂ ਜੋ ਉਹ ਨਹੀਂ ਚਾਹੁੰਦਾ ਹੈ ਭਈ ਕਿਸੇ ਦਾ ਨਾਸ ਹੋਵੇ ਸਗੋਂ ਸੱਭੇ ਤੋਬਾ ਵੱਲ ਮੁੜਨ। 10ਪਰੰਤੂ ਪ੍ਰਭੁ ਦਾ ਦਿਨ ਚੋਰ ਵਾਂਙੁ ਆਵੇਗਾ ਜਿਹ ਦੇ ਵਿੱਚ ਅਕਾਸ਼ ਸਰਨਾਟੇ ਨਾਲ ਜਾਂਦੇ ਰਹਿਣਗੇ ਅਤੇ ਮੂਲ ਵਸਤਾਂ ਵੱਡੇ ਤਾਉ ਨਾਲ ਤਪ ਕੇ ਢਲ ਜਾਣਗੀਆਂ ਅਤੇ ਧਰਤੀ ਉਨ੍ਹਾਂ ਕਾਰਾਗਰੀਆਂ ਸਣੇ ਜੋ ਉਸ ਵਿੱਚ ਹਨ ਜਲ ਬਲ ਜਾਵੇਗੀ।**

"ਉਸ ਦੇ ਆਉਣ ਦਾ ਕਰਾਰ," "ਭਗਤੀਹੀਣ ਮਨੁੱਖਾਂ ਦੇ ਨਿਆਉਂ ਅਤੇ ਨਾਸ ਹੋਣ ਦੇ ਦਿਨ," "ਪ੍ਰਭੂ ਦਾ ਦਿਨ," ਅਤੇ ਹੋਰ ਮਿਲਦੇ ਜੁਲਦੇ ਵਾਕ ਸਾਰੇ ਇੱਕੋ ਘਟਨਾ ਦਾ ਹਵਾਲਾ ਦਿੰਦੇ ਹਨ। ਠੱਠਾ ਕਰਨ ਵਾਲਿਆਂ ਨੂੰ ਸ਼ੱਕ ਹੋ ਸਕਦਾ ਹੈ ਕਿ ਪਰਮੇਸ਼ੁਰ ਮਨੁੱਖਤਾ ਨੂੰ ਨਿਆਉਂ ਦੇ ਲਈ ਲਿਆ ਰਿਹਾ ਹੈ, ਪਰ ਪਤਰਸ ਨੇ ਉਨ੍ਹਾਂ ਨੂੰ ਯਾਦ ਦਿਵਾਇਆ ਕਿ ਪਰਮੇਸ਼ੁਰ ਸ੍ਰਿਸ਼ਟੀਕਰਤਾ ਹੈ। ਜੋ ਉਸ ਨੇ ਬਣਾਇਆ ਹੈ ਉਹ ਉਸ ਦਾ ਨਿਆਉਂ ਕਰੇਗਾ। ਇਸ ਤੋਂ ਇਲਾਵਾ, ਰਸੂਲ ਨੇ ਉਨ੍ਹਾਂ ਨੂੰ ਪੁਰਾਣੇ ਸਮੇਂ ਦੀ ਯਾਦ ਦਿਵਾਈ ਜਦੋਂ ਪੁਰਾਤਨ ਸੰਸਾਰ ਨੇ ਵੀ ਠੱਠਾ ਕੀਤਾ ਸੀ। ਜਿਵੇਂ ਨਿਸ਼ਚਤ ਤੌਰ ਦੇ ਨਾਲ ਉਸ ਸ਼ੱਕੀ ਸੰਸਾਰ ਦਾ ਨਿਆਂ ਆ ਗਿਆ ਸੀ, ਉਸੇ ਤਰ੍ਹਾਂ ਇਹ ਇਸ ਸ਼ੱਕੀ ਸੰਸਾਰ ਤੇ ਵੀ ਨਿਆਂ ਆ ਪਵੇਗਾ। ਉਨ੍ਹਾਂ ਲੋਕਾਂ ਦੇ ਲਈ ਜੋ ਦੇਰੀ ਦੀ ਹੱਦ ਤੋਂ ਹੈਰਾਨ ਹੋ ਗਏ ਸਨ, ਪਤਰਸ ਨੇ ਹੋਰ ਵਿਚਾਰਾਂ ਨੂੰ ਸਥਾਪਤ ਕੀਤਾ। ਉਸ ਦਾ ਉਦੇਸ਼ ਆਪਣੇ ਪਾਠਕਾਂ ਨੂੰ ਇਹ ਭਰੋਸਾ ਦਿਵਾਉਣਾ ਸੀ ਕਿ ਜਿਸ ਦਾ ਰਸੂਲਾਂ ਦੇ ਦੁਆਰਾ ਵਾਇਦਾ ਕੀਤਾ ਜਾ ਚੁੱਕਾ ਸੀ ਉਹ ਹੋਵੇਗਾ। ਪ੍ਰਭੂ ਜੋ ਪਰਮੇਸ਼ੁਰ ਦੇ ਸੱਜੇ ਹੱਥ ਬੈਠ ਕੇ ਰਾਜ ਕਰਨ ਦੇ ਲਈ ਚੜ੍ਹ ਗਿਆ ਸੀ ਉਹ ਦੁਬਾਰਾ ਵਾਪਸ ਆਵੇਗਾ। ਜਦੋਂ ਉਹ ਅਜਿਹਾ ਕਰਦਾ ਹੈ, ਤਾਂ ਇਹ ਮਨੁੱਖਾਂ ਦੇ ਨਿਆਈਂ ਅਤੇ ਧਰਮੀਆਂ ਦੀ ਰੱਖਿਅਕ ਦੇ

ਰੂਪ ਵਿਚ ਹੋਵੇਗਾ।

**ਆਇਤ 8.** ਨਬੀਆਂ ਨੂੰ ਵੀ ਪਰਮੇਸ਼ੁਰ ਦੇ ਨਿਆਂ ਵਿਚ ਦੇਰੀ ਦੇ ਕਾਰਨ ਆਪਣੇ ਸਮਕਾਲੀਆਂ ਵੱਲੋਂ ਕੀਤੇ ਗਏ ਠੱਠੇ ਦਾ ਸਾਹਮਣਾ ਕਰਨਾ ਪਿਆ ਸੀ। ਯਿਰਮਿਯਾਹ ਉੱਤੇ ਦੋਸ਼ ਲਾਇਆ ਗਿਆ ਸੀ ਕਿ ਉਹ ਇਸ ਗੱਲ ਦੀ ਘੋਸ਼ਣਾ ਕਰਨ ਦੇ ਵਿਚ ਅਨੰਦ ਲੈ ਰਿਹਾ ਸੀ, ਅਤੇ ਆਪਣੀ ਖੁਦ ਦੀ ਯੋਜਨਾ ਨੂੰ ਅੱਗੇ ਵਧਾਉਣ ਦੇ ਲਈ ਜ਼ਹਿਰ ਉਗਲ ਰਿਹਾ ਸੀ ਕਿ ਪਰਮੇਸ਼ੁਰ ਦਾ ਨਿਆਂ ਜਲਦੀ ਆਉਣ ਵਾਲਾ ਹੈ। ਨਬੀ ਇਸ ਗੱਲ ਨੂੰ ਜਾਣਦਾ ਸੀ ਕਿ ਉਸ ਦਾ ਸੰਦੇਸ਼ ਪਰਮੇਸ਼ੁਰ ਦੇ ਵੱਲੋਂ ਸੀ, ਪਰ ਫਿਰ ਵੀ ਉਹ ਪਰਮੇਸ਼ੁਰ ਦੁਆਰਾ ਦੇਰ ਕੀਤੇ ਜਾਣ ਦੇ ਕਾਰਨ ਉਲਝਣ ਵਿੱਚ ਪਿਆ ਹੋਇਆ ਸੀ। ਪਰਮੇਸ਼ੁਰ ਨੂੰ ਸੰਬੋਧਤ ਕਰਦੇ ਹੋਏ ਉਸ ਨੇ ਇਹ ਸ਼ਿਕਾਇਤ ਕੀਤੀ, "ਵੇਖ, ਓਹ ਮੈਨੂੰ ਆਖਦੇ ਹਨ, 'ਯਹੋਵਾਹ ਦਾ ਬਚਨ ਕਿੱਥੇ ਹੈ? ਉਹ ਆਵੇ ਤਾਂ ਸਹੀ!' ਮੈਂ ਤੇਰੇ ਪਿੱਛੇ ਆਜੜੀ ਹੋਣ ਲਈ ਸ਼ਤਾਬੀ ਨਹੀਂ ਕੀਤੀ, ਨਾ ਸੋਗ ਦੇ ਦਿਨ ਦੀ ਚਾਹ ਕੀਤੀ ਹੈ" (ਯਿਰਮਿਯਾਹ 17:15, 16)। ਪਤਰਸ ਦੇ ਵਾਂਗ, ਯਿਰਮਿਯਾਹ, ਇਸ ਗੱਲ ਦੀ ਭਵਿੱਖਵਾਣੀ ਨਹੀਂ ਕਰ ਸਕਦਾ ਸੀ ਕਿ ਪ੍ਰਭੂ ਕਦੋਂ ਨਿਆਂ ਕਰੇਗਾ, ਪਰ ਉਸ ਦੇ ਨਿਆਂ ਤੇ, ਉਸ ਨੂੰ ਕੋਈ ਸ਼ੱਕ ਨਹੀਂ ਸੀ।

ਪਤਰਸ ਨੇ ਕੋਈ ਸ਼ਿਕਾਇਤ ਨਹੀਂ ਕੀਤੀ ਜਿਵੇਂ ਯਿਰਮਿਯਾਹ ਨੇ ਕੀਤੀ ਸੀ। ਪਰ, ਉਸ ਨੇ ਆਪਣੇ ਪਾਠਕਾਂ ਦੇ ਨਾਲ ਵਿਵਾਦ ਕੀਤਾ। ਕਿ ਨਿਆਂ ਵਿਚ ਦੇਰੀ ਅਤੇ ਘਾਤਕ ਅੰਤ ਦਾ ਕੀ ਅਰਥ ਹੋ ਸਕਦਾ ਹੈ? ਕੀ ਇਸ ਦਾ ਅਰਥ ਸੀ ਉਹ ਸੀ, ਜੋ ਵਿਰੋਧੀ ਕਹਿੰਦੇ ਸਨ, ਕਿ "ਪ੍ਰਭੂ ਦਾ ਦਿਨ" ਕੋਈ ਨਹੀਂ ਹੋਵੇਗਾ? ਪਤਰਸ ਨੇ ਇਸ ਗੱਲ ਵੱਲ ਇਸ਼ਾਰਾ ਕਰਦੇ ਹੋਏ ਉੱਤਰ ਦਿੱਤਾ ਕਿ "ਦੇਰੀ" ਇੱਕ ਤੁਲਨਾਤਮਕ ਸ਼ਬਦ ਹੈ। ਉਸ ਸਮੇਂ "ਦੇਰੀ" ਦਾ ਕੀ ਅਰਥ ਹੁੰਦਾ ਹੈ ਜਦੋਂ ਇਹ ਉਨ੍ਹਾਂ ਲੋਕਾਂ ਦੇ ਦੁਆਰਾ ਬੋਲਿਆ ਜਾਂਦਾ ਹੈ ਜੋ ਸਮੇਂ ਨੂੰ ਦਿਲ ਦੀ ਧੜਕਣ ਦੇ ਨਾਲ ਨਾਪਦੇ ਹਨ ਉਹ "ਦੇਰੀ" ਨਾਲ ਥੋੜ੍ਹਾ ਸੰਬੰਧ ਰੱਖਦੇ ਹਨ ਜਿਵੇਂ ਪਰਮੇਸ਼ੁਰ ਸਮੇਂ ਦਾ ਧਿਆਨ ਰੱਖਦਾ ਹੈ। ਰਸੂਲ ਨੇ ਇਨ੍ਹਾਂ ਸ਼ਬਦਾਂ ਦੇ ਨਾਲ ਆਪਣੇ ਵਿਰੋਧੀਆਂ ਦਾ ਸਾਹਮਣਾ ਕੀਤਾ, **ਇੱਕ ਇਹ ਗੱਲ ਤੁਹਾਥੋਂ ਭੁੱਲੀ ਨਾ ਰਹੇ।** ਰਸੂਲ ਨੇ ਜ਼ਬੂਰਾਂ ਵਿਚੋਂ ਇੱਕ ਜ਼ਬੂਰ ਨੂੰ ਯਾਦ ਕੀਤਾ ਜੋ, ਸਿਰਲੇਖ ਦੇ ਅਨੁਸਾਰ ਮੂਸਾ ਦੇ ਦੁਆਰਾ ਲਿਖਿਆ ਗਿਆ ਸੀ। "ਤੇਰੀ ਨਿਗਾਹ ਵਿੱਚ ਤਾਂ ਹਜ਼ਾਰ ਵਰ੍ਹੇ ਕੱਲ ਦੇ ਦਿਨ ਵਰਗੇ ਜਦ ਕਿ ਉਹ ਬੀਤ ਜਾਵੇ, ਅਤੇ ਇੱਕ ਪਹਿਰ ਰਾਤ ਵਰਗੇ ਹਨ" (ਜ਼ਬੂਰਾਂ 90:4)। ਇਸ ਵਿਚਾਰ ਨੂੰ ਉਸਾਰਣ ਦੇ ਲਈ, ਪਤਰਸ ਨੇ ਕਿਹਾ, **ਭਈ ਪ੍ਰਭੁ ਦੇ ਅੱਗੇ ਇੱਕ ਦਿਨ ਹਜ਼ਾਰ ਵਰੇ ਜਿਹਾ ਹੈ ਅਤੇ ਹਜ਼ਾਰ ਵਰਹਾ ਇੱਕ ਦਿਨ ਜਿਹਾ ਹੈ।**

ਇਸਰਾਈਲ ਦਾ ਮਹਾਨ ਪਰਮੇਸ਼ੁਰ ਪੀੜ੍ਹੀਆਂ ਨੂੰ ਉੱਚਾ ਚੁੱਕਦਾ ਹੈ। ਉਹ ਅਬਰਾਹਾਮ, ਯਾਕੂਬ, ਮੂਸਾ, ਸਮੂਏਲ, ਦਾਊਦ, ਯਸਾਯਾਹ, ਅਤੇ ਨਾਸਰਤ ਦੇ ਯਿਸੂ ਦਾ ਪਰਮੇਸ਼ੁਰ ਹੈ। ਇੱਕ ਮਸੀਹੀ ਭਜਨ ਹੈ ਜੋ ਸਵਰਗ ਦੇ ਵਿਸ਼ੇ ਵਿਚ ਗਾਉਂਦਾ ਹੈ ਕਿ ਸਵਰਗ ਇੱਕ ਅਜਿਹੀ ਜਗਾ ਹੈ ਜਿੱਥੇ "ਉਹ ਸਮੇਂ ਨੂੰ ਸਾਲਾਂ ਦੇ ਨਾਲ ਨਹੀਂ ਗਿਣਦੇ ਹਨ।"[5] ਪਤਰਸ ਨੇ ਕਿਹਾ ਕਿ ਅਜਿਹਾ ਲੱਗ ਸਕਦਾ ਹੈ ਕਿ ਪਰਮੇਸ਼ੁਰ ਆਪਣੀ ਆਮਦ ਵਿਚ ਬਹੁਤ ਹੀ ਜ਼ਿਆਦਾ ਦੇਰੀ ਕਰ ਰਿਹਾ ਹੈ, ਪਰ ਲੋਕਾਂ ਨੂੰ ਇਸ ਗੱਲ ਤੇ ਧਿਆਨ ਜ਼ਰੁਰ ਦੇਣਾ ਚਾਹੀਦਾ ਹੈ ਕਿ ਪਰਮੇਸ਼ੁਰ ਮਨੁੱਖਾਂ ਦੇ ਵਾਂਗ ਸਮੇਂ ਨੂੰ ਨਹੀਂ ਮਾਪਦਾ ਹੈ। ਉਸ ਦੇ ਲਈ ਇੱਕ ਹਜ਼ਾਰ ਸਾਲ, ਇੱਕ ਲੱਖ ਸਾਲ, ਇੱਕ ਦਿਨ ਤੋਂ ਜਾਂ ਇੱਕ ਘੰਟੇ ਤੋਂ ਵੱਧ ਕੇ ਨਹੀਂ ਹਨ। ਇਹ ਪਰਮੇਸ਼ੁਰ ਦੀ ਰਚਨਾ ਨੂੰ ਸ਼ੋਭਾ ਨਹੀਂ ਦਿੰਦਾ ਕਿ ਉਹ ਸਮੇਂ ਦੀ ਉਸ ਅਸਥਿਰ ਧਾਰਣਾ ਵਿਚ ਪਰਮੇਸ਼ੁਰ ਨੂੰ ਬੰਨਣ ਦੀ

ਕੋਸ਼ਿਸ਼ ਕਰੇ ਜਿਸ ਵਿਚ ਮਨੁੱਖ ਜਾਤੀ ਬੱਧੀ ਹੋਈ ਹੈ।

ਪਤਰਸ ਨੇ ਸਿਰਫ ਇੱਕ ਸੁਵਿਧਾਜਨਕ ਉਲੇਖ ਬਿੰਦੂ ਦੇ ਰੂਪ ਵਿਚ ਪਰਮੇਸ਼ੁਰ ਦੇ ਇੱਕ ਦਿਨ ਦੀ ਤੁਲਨਾ ਇੱਕ ਹਜ਼ਾਰ ਸਾਲ ਦੇ ਨਾਲ ਕੀਤੀ ਹੈ। ਉਹ ਇਸ ਤਰ੍ਹਾਂ ਵੀ ਕਹਿ ਸਕਦਾ ਸੀ ਕਿ ਪ੍ਰਭੂ ਦੇ ਲਈ ਇੱਕ ਲੱਖ ਸਾਲ ਜਾਂ ਦੱਸ ਲੱਖ ਸਾਲ ਵੀ ਇੱਕ ਦਿਨ ਦੇ ਬਰਾਬਰ ਹਨ। ਫਿਰ ਵੀ, ਮੁਢਲੀਆਂ ਮਸੀਹੀ ਸਦੀਆਂ ਵਿਚ ਇਸ ਆਇਤ ਨੂੰ ਉਸ ਭਾਵ ਨੂੰ ਦ੍ਰਿੜ ਕਰਨ ਦੇ ਲਈ ਵਰਤਿਆ ਜਾਂਦਾ ਸੀ ਕਿ ਮਸੀਹੀ ਲੋਕ ਮਸੀਹ ਦੇ ਨਾਲ ਯਰੂਸ਼ਲਮ ਸ਼ਹਿਰ ਤੋਂ ਇੱਕ ਹਜ਼ਾਰ ਸਾਲ ਤੱਕ ਰਾਜ ਕਰਨਗੇ। ਕੁਝ ਲੋਕ, ਜਿਵੇਂ ਆਇਰੀਨੀਅਸ ਜੋ ਦੂਸਰੀ ਸ਼ਤਾਬਦੀ ਦੇ ਅੰਤ ਵਿਚ ਸੀ, ਇਸ ਹਵਾਲੇ ਵਿਚ ਇੱਕ ਵਾਇਦੇ ਨੂੰ ਵੇਖਿਆ ਕਿ ਦੁਨੀਆਂ ਨੂੰ ਸੱਤ ਹਜ਼ਾਰ ਸਾਲ ਤੱਕ ਸਹਿਣਾ ਪਵੇਗਾ, ਰਚਨਾ ਦੇ ਹਰ ਇੱਕ ਦਿਨ ਦੇ ਲਈ ਇੱਕ ਹਜ਼ਾਰ ਸਾਲ।[6] ਆਖਰੀ ਹਜ਼ਾਰ ਸਾਲ ਉਹ ਸਮਾਂ ਹੋਵੇਗਾ ਜਦੋਂ ਪ੍ਰਭੂ ਆਪਣੇ ਸੰਤਾਂ ਦੇ ਨਾਲ ਧਰਤੀ ਤੇ ਰਾਜ ਕਰੇਗਾ। ਉਹ ਡਾਕਟ੍ਰਿਨ, ਜਿਸ ਨੂੰ ਚਿਲੀਆਜ਼ਮ ਡਾਕਟ੍ਰਿਨ ਕਿਹਾ ਜਾਂਦਾ ਹੈ, ਸੋਧਾਂ ਦੇ ਨਾਲ, ਸਦੀਆਂ ਦੇ ਦੌਰਾਨ ਅੱਗੇ ਪਾਸ ਕੀਤੀ ਗਈ ਹੈ। ਇਸ ਨੇ ਬਿਸ਼ਪ ਅਸ਼ਰ ਨੂੰ ਪ੍ਰਭਾਵਿਤ ਕੀਤਾ ਜਿਸ ਦੁਆਰਾ ਉਦੋਂ ਤੱਕ ਰਚਨਾ ਦੀ ਮਿਤੀ, 4004 ਈ. ਪੂਰਵ ਸੀ, ਜਦੋਂ ਤੱਕ ਬਾਈਬਲ ਦੇ ਹਾਸ਼ੀਏ ਵਿਚ ਇਸ ਨੂੰ ਛਾਪਿਆ ਨਹੀਂ ਗਿਆ ਸੀ। ਇਸ ਨੇ ਹਜ਼ਾਰ ਵਰ੍ਹੇ ਦੇ ਰਾਜ ਦੀ ਸਿੱਖਿਆ ਅਤੇ ਯੁਗਾਂ ਦੀ ਸਿੱਖਿਆ ਨੂੰ ਪ੍ਰਭਾਵਿਤ ਕੀਤਾ ਹੈ। ਪਤਰਸ ਨੇ ਆਪਣੇ ਆਪ ਨੂੰ ਇਨ੍ਹਾਂ ਬਾਅਦ ਦੇ ਵਿਸ਼ਵਾਸੀਆਂ ਦੀ ਕਲਪਨਾ ਦੇ ਅਧੀਨ ਨਹੀਂ ਕੀਤਾ ਸੀ। ਉਹ ਇਹ ਕਹਿਣ ਵਿਚ ਸੰਤੁਸ਼ਟ ਸੀ ਕਿ ਪ੍ਰਭੂ, ਆਪਣੇ ਸਹੀ ਸਮੇਂ ਵਿਚ ਵਾਪਸ ਆਵੇਗਾ। ਜਦੋਂ ਉਹ ਆਵੇਗਾ, ਤਾਂ ਨਿਆਂ ਅਤੇ ਸਦੀਪਕਤਾ ਵੀ ਨਾਲ ਹੀ ਆਵੇਗੀ।

**ਆਇਤ 9.** ਝੂਠੇ ਗੁਰੂਆਂ ਨੇ ਪ੍ਰਭੂ ਦੀ ਆਮਦ ਵਿਚ ਦੇਰੀ ਨੂੰ ਇਸ ਗੱਲ ਦੇ ਸਬੂਤ ਦੇ ਰੂਪ ਵਿਚ ਲਿਆ ਕਿ ਉਹ ਵਾਪਸ ਹੀ ਨਹੀਂ ਆਵੇਗਾ। ਰਸੂਲ ਨੇ ਦੇਰ ਨੂੰ ਸਮਝਾਉਣ ਦੇ ਲਈ ਹੋਰ ਤਰਕ ਪੇਸ਼ ਕੀਤਾ: ਪਰਮੇਸ਼ੁਰ **ਤੁਹਾਡੇ ਨਾਲ ਧੀਰਜ ਕਰਦਾ ਹੈ**। ਜ਼ਿੰਦਾ ਕੰਮਾਂ ਦਾ ਤੁਰੰਤ ਕਾਲ ਤੋਂ ਅੱਗੇ ਨਿਕਲਣਾ ਅਤੇ ਨਵੇਂ ਨੇਮ ਦੇ ਅਨੁਸਾਰ ਚੱਲਣਾ ਇਸ ਗੱਲ ਦਾ ਸੰਕੇਤ ਦਿੰਦਾ ਹੈ ਕਿ ਪ੍ਰਭੂ ਦੀ ਆਮਦ ਵਿਚ ਦੇਰੀ ਹੋਣਾ ਯਹੂਦੀਆਂ ਦੇ ਲਈ ਲਗਾਤਾਰ ਚਿੰਤਾ ਦਾ ਵਿਸ਼ਾ ਸੀ। ਵਫ਼ਾਦਾਰ ਲੋਕ ਪੁਸ਼ਟੀ ਦੀ ਖੋਜ ਕਰਦੇ ਹਨ। ਪਰਮੇਸ਼ੁਰ ਨੇ ਦੇਰ ਕਿਉਂ ਕੀਤੀ? ਪਤਰਸ ਨੇ ਦਲੇਰੀ ਦੇ ਨਾਲ ਉੱਤਰ ਦਿੱਤਾ, **ਪ੍ਰਭੂ ਆਪਣੇ ਵਾਇਦੇ ਦਾ ਮੱਠਾ ਨਹੀਂ ਜਿਵੇਂ ਕਿੰਨੇ ਹੀ ਮੱਠੇ ਦਾ ਭਰਮ ਕਰਦੇ ਹਨ।** ਪਰਮੇਸ਼ੁਰ ਆਪਣੇ ਮਕਸਦਾਂ ਦੇ ਲਈ ਕੰਮ ਕਰ ਰਿਹਾ ਹੈ। ਉਹ "ਚਾਹੁੰਦਾ ਹੈ ਭਈ ਸਾਰੇ ਮਨੁੱਖ ਬਚਾਏ ਜਾਣ ਅਤੇ ਓਹ ਸਤ ਦੇ ਗਿਆਨ ਤੀਕ ਪਹੁੰਚਣ" (1 ਤਿਮੋਥਿਉਸ 2:4)। ਇਸੇ ਲਈ ਉਹ ਨਿਆਂ ਵਿਚ ਦੇਰੀ ਕਰ ਰਿਹਾ ਹੈ। ਪਰਮੇਸ਼ੁਰ ਅਣਜਾਣਾਂ ਅਤੇ ਵਿਦ੍ਰੋਹੀਆਂ ਨੂੰ ਇੱਕੋ ਜਿਹਾ ਮੌਕਾ ਦੇ ਰਿਹਾ ਹੈ ਕਿ ਉਹ ਯਿਸੂ ਦੀ ਗਵਾਹੀ ਨੂੰ ਸੁਣਨ, ਅਤੇ ਉਸ ਦਾ ਪਾਲਣ ਕਰਨ। "ਪਰਮੇਸ਼ੁਰ ਦਾ ਧੀਰਜ ਇੱਕ ਅੰਤਰਾਲ ਨੂੰ ਪੈਦਾ ਕਰਦਾ ਹੈ, ਇੱਕ ਰਾਹਤ ਦਾ ਸਮਾਂ, ਜਦਕਿ ਨਿਆਂ ਨੂੰ ਟਾਲ ਦਿੱਤਾ ਗਿਆ ਹੈ ਅਤੇ ਪਛਚਾਤਾਪ ਕਰਨ ਦਾ ਆਖਰੀ ਮੌਕਾ ਦਿੱਤਾ ਗਿਆ ਹੈ।"[7]

ਆਪਣੀ ਮੌਤ ਤੋਂ ਪਹਿਲਾਂ, ਯਿਸੂ ਨੇ ਖੁਦ ਆਪਣੀ ਆਮਦ ਦੇ ਵਿਸ਼ੇ ਵਿਚ ਗੱਲ ਕੀਤੀ ਸੀ, ਪਰ ਉਸ ਨੇ ਚੇਤਾਵਨੀ ਦਿੱਤੀ ਕਿ ਸਟੀਕ ਦਿਨ ਅਤੇ ਘੜੀ ਕਲਪਨਾਵਾਂ ਦੇ ਵਿਸ਼ੇ ਨਾ ਹੋਣ। ਇਸ ਬਿੰਦੂ ਉੱਤੇ ਜ਼ੋਰ ਦੇਣ ਦੇ ਲਈ, ਯਿਸੂ ਨੇ ਕਿਹਾ, "ਪਰ ਉਸ ਦਿਨ ਅਤੇ ਘੜੀ ਨੂੰ ਕੋਈ ਨਹੀਂ ਜਾਣਦਾ, ਨਾ ਸੁਰਗ ਦੇ ਦੂਤ ਨਾ ਪੁੱਤ੍ਰ ਪਰ ਕੇਵਲ ਪਿਤਾ" (ਮੱਤੀ 24:36)।

ਯਿਸੂ ਆਪਣੇ ਚੇਲਿਆਂ ਨੂੰ ਸਿੱਖਿਆ ਦੇਣ ਦੇ ਸਮੇਂ ਅੰਤ ਦੇ ਸਮੇਂ ਦੇ ਵਿਸ਼ੇ ਵਿਚ ਉਨ੍ਹਾਂ ਦੀ ਉਮੀਦ ਦੇ ਢੰਗ ਦੇ ਪ੍ਰਤੀ ਸਾਵਧਾਨ ਸੀ। 24 ਅਧਿਆਇ ਦੇ ਅੰਤ ਦੇ ਆਸ-ਪਾਸ ਤੋਂ ਮੱਤੀ 25 ਅਧਿਆਇ ਤੱਕ, ਯਿਸੂ ਨੇ ਆਪਣੀ ਆਮਦ ਅਤੇ ਨਿਆਂ ਨਾਲ ਬਹੁਤ ਸਾਰੇ ਦ੍ਰਿਸ਼ਟਾਤਾਂ ਨੂੰ ਜੋੜਿਆ ਜੋ ਉਸ ਦੇ ਨਾਲ ਨਾਲ ਹੋਵੇਗਾ। ਉਸ ਦਾ ਆਉਣਾ ਅਚਾਨਕ ਹੋਵੇਗਾ। ਲੋਕ ਆਪਣੀਆਂ ਸਧਾਰਣ ਗਤੀਵਿਧੀਆਂ ਵਿਚ: ਵਿਆਹ ਕਰਨ ਅਤੇ ਕਰਵਾਉਣ ਵਿਚ, ਖੇਤਾਂ ਵਿਚ ਕੰਮ ਕਰਨ ਵਿਚ, ਚੱਕੀ ਪੀਹਣ ਵਿਚ ਰੁੱਝੇ ਹੋਏ ਹੋਣਗੇ (ਮੱਤੀ 24:37–41)।

ਯਿਸੂ ਦੀ ਦੂਜੀ ਆਮਦ ਅਤੇ ਮਨੁੱਖ ਜਾਤੀ ਦਾ ਨਿਆਂ ਕੁਝ ਲੋਕਾਂ ਨੂੰ ਹੈਰਾਨ ਕਰ ਦੇਵੇਗਾ ਕਿਉਂਕਿ ਉਨ੍ਹਾਂ ਨੂੰ ਉਮੀਦ ਸੀ ਕਿ ਉਸ ਨੂੰ ਦੇਰ ਹੋ ਜਾਵੇਗੀ। ਉਹ ਉਸ ਪ੍ਰਕਾਰ ਹੋਣਗੇ ਜਿਵੇਂ ਇੱਕ ਨੌਕਰ ਨੂੰ ਉਸ ਦੇ ਮਾਲਕ ਦੀ ਸੰਪਤੀ ਤੇ ਅਧਿਕਾਰ ਦਿੱਤਾ ਗਿਆ ਹੋਵੇ। ਨੌਕਰ ਇਸ ਗੱਲ ਦੀ ਉਮੀਦ ਕਰਕੇ ਕਿ ਉਸ ਦਾ ਮਾਲਕ ਚਿਰ ਲਾਉਂਦਾ ਹੈ; ਆਪਣੇ ਨਾਲ ਦੇ ਨੌਕਰਾਂ ਨੂੰ ਮਾਰਨ ਲੱਗੇ ਅਤੇ ਆਪਣੇ ਮਾਲਕ ਦਾ ਮਾਲ ਚੋਰੀ ਕਰੇ। ਮਾਲਕ ਅਚਾਨਕ ਆ ਗਿਆ, ਉਸ ਦੀ ਉਮੀਦ ਕੀਤੇ ਸਮੇਂ ਤੋਂ ਪਹਿਲਾਂ। ਤਾਂ ਨੌਕਰ ਦਾ ਹਿੱਸਾ "ਕਪਟੀਆਂ ਦੇ ਨਾਲ ਠਹਿਰਾਇਆ ਗਿਆ" (ਮੱਤੀ 24:51)।

ਹੋਰਨਾਂ ਦੀ ਉਮੀਦ ਵੱਖਰੀ ਹੋਵੇਗੀ। ਉਸ ਉਸ ਦੇ ਦੇਰ ਨਾਲ ਆਉਣ ਦਾ ਹਿਸਾਬ ਲਾਉਣ ਦੀ ਬਜਾਇ, ਉਹ ਉਸ ਦੇ ਆਉਣ ਦੇ ਸਮੇਂ ਦਾ ਹਿਸਾਬ ਲਗਾਉਣਗੇ। ਕੀ ਉਹ ਨੂੰ ਆਪਣੀ ਸਮੇਂ ਸਾਰਣੀ ਦਾ ਪਾਲਣ ਨਹੀਂ ਕਰਨਾ ਚਾਹੀਦਾ ਹੈ, ਅਤੇ ਉਨ੍ਹਾਂ ਦਾ ਵਿਸ਼ਵਾਸ ਕਮਜ਼ੋਰ ਹੋ ਜਾਵੇਗਾ। ਉਹ ਦੁਨੀਆਂਦਾਰੀ ਵੱਲ ਵਾਪਸ ਮੁੜ ਜਾਣਗੇ। ਆਪਣੀ ਚੇਤਾਵਨੀ ਨੂੰ ਸਪੱਸ਼ਟ ਕਰਨ ਦੇ ਲਈ, ਯਿਸੂ ਨੇ ਦਸ ਕੁਆਰੀਆਂ ਦਾ ਦ੍ਰਿਸ਼ਟਾਂਤ ਦਿੱਤਾ ਜੋ ਲਾੜੇ ਦੇ ਆਉਣ ਦਾ ਇੰਤਜ਼ਾਰ ਕਰ ਰਹੀਆਂ ਸਨ। ਉਸ ਨੇ ਉਮੀਦ ਤੋਂ ਵੱਧ ਦੇਰ ਲਗਾਈ, ਅਤੇ ਉਨ੍ਹਾਂ ਦਾ ਵਿਸ਼ਵਾਸ ਉੱਨਾ ਨਹੀਂ ਸੀ (ਮੱਤੀ 25:1–13)। ਕਈ ਲੋਕਾਂ ਦੇ ਲਈ ਪ੍ਰਭੂ ਦਾ ਆਉਣਾ ਉਨ੍ਹਾਂ ਦੇ ਦੁਆਰਾ ਆਸ ਕੀਤੇ ਹੋਏ ਸਮੇਂ ਤੋਂ ਜਲਦੀ ਹੋਵੇਗਾ; ਕਈਆਂ ਦੇ ਲਈ ਉਹ ਆਸ ਕੀਤੇ ਸਮੇਂ ਤੋਂ ਦੇਰ ਦੇ ਨਾਲ ਆਵੇਗਾ। ਯਿਸੂ ਚਾਹੁੰਦਾ ਹੈ ਕਿ ਜਦੋਂ ਵੀ ਉਹ ਆਵੇ ਉਸ ਦੇ ਲੋਕ ਤਿਆਰ ਪਾਏ ਜਾਣ। ਉਸ ਨੇ ਉਨ੍ਹਾਂ ਨੂੰ ਉਤਸ਼ਾਹਿਤ ਕੀਤਾ ਕਿ ਉਹ ਹਰ ਕਿਸੇ ਵੀ ਕਿਸਮ ਦੀਆਂ ਕਲਪਨਾਵਾਂ ਨੂੰ ਤਿਆਗ ਦੇਣ।

ਨਵੇਂ ਨੇਮ ਵਿਚ ਚੇਲਿਆਂ ਨੇ ਕਿਤੇ ਵੀ ਇਸ ਗੱਲ ਦੀ ਕਲਪਨਾ ਨਹੀਂ ਕੀਤੀ ਹੈ ਕਿ ਪ੍ਰਭੂ ਕਦੋਂ ਵਾਪਸ ਆਵੇਗਾ। ਜੀਵਨ ਇਸ ਆਸ ਵਿਚ ਗੁਜ਼ਾਰਿਆ ਜਾਂਦਾ ਹੈ ਕਿ ਇਹ ਘੜੀ ਨੇੜੇ ਹੀ ਹੈ। ਵਿਸ਼ਵਾਸੀਆਂ ਨੂੰ ਇਸ ਤਰੀਕੇ ਦੇ ਨਾਲ ਜੀਉਣਾ ਚਾਹੀਦਾ ਹੈ ਕਿ ਭਾਵੇਂ ਉਹ ਛੇਤੀ ਆਵੇ ਭਾਵੇਂ ਉਹ ਦੇਰ ਦੇ ਨਾਲ ਆਵੇ ਉਹ ਉਸ ਦੇ ਲਈ ਤਿਆਰ ਹੋਣ। ਤਾਂ ਵੀ, ਕਲਪਨਾਵਾਂ ਬਿਨਾਂ ਰੋਕ ਟੋਕ ਤੋਂ ਚੱਲਦੀਆਂ ਆ ਰਹੀਆਂ ਹਨ। ਪੁਰਾਤਨ ਅਤੇ ਆਧੁਨਿਕ ਮਸੀਹੀ ਫ਼ਿਰਕੇ ਕਦੀ ਵੀ ਦਾਨੀਏਲ, ਹਿਜ਼ਕੀਏਲ, ਜਾਂ ਪਰਕਾਸ਼ ਦੀ ਪੋਥੀ ਦੇ ਪਰਕਾਸ਼ਨਾਂ ਉੱਤੇ ਹੋੜ੍ਹਾ ਲਾਉਣ ਤੋਂ ਨਹੀਂ ਥੱਕੇ ਹਨ। ਸਿਸਟਮ ਪਰਗਟ ਕੀਤੇ ਜਾਂਦੇ ਹਨ, ਸਮੇਂ ਸਾਰਣੀਆਂ ਦੀ ਗਣਨਾ ਕੀਤੀ ਜਾਂਦੀ ਹੈ, ਅਤੇ ਸੰਸਾਰ ਨੂੰ ਦੱਸਿਆ ਜਾਂਦਾ ਹੈ ਕਿ ਪ੍ਰਭੂ ਵਾਪਸ ਆਵੇਗਾ। ਲੋਕ ਚਿੱਟੇ ਕੱਪੜੇ ਪਾ ਕੇ, ਅਕਾਸ਼ ਵੱਲ ਅੱਖਾਂ ਟਿਕਾ ਕੇ, ਛੱਤਾਂ ਉੱਤੇ ਇਕੱਠੇ ਹੋਏ ਹਨ। ਦਿਨ ਆਉਂਦੇ ਹਨ ਅਤੇ ਜਾਂਦੇ ਹਨ, ਅਤੇ ਪ੍ਰਭੂ ਲਗਾਤਾਰ ਆਪਣੇ ਉਦੇਸ਼ਾਂ ਦਾ ਪਾਲਣ ਕਰ ਰਿਹਾ ਹੈ।

ਪਤਰਸ ਨੇ ਕਿਹਾ ਕਿ ਪ੍ਰਭੂ ਆਵੇਗਾ। ਮਸੀਹੀ ਉਮੀਦ ਵਿਚ ਜਿਉਂਦੇ ਹਨ। ਸਿਰਫ

ਪਰਮੇਸ਼ੁਰ ਪਰਿਵਰਤਨਾਂ ਨੂੰ ਜਾਣਦਾ ਹੈ। ਉਹ ਆਪਣੀ ਸ੍ਰਿਸ਼ਟੀ ਦੇ ਵਿਚ ਇੱਕ ਉਦਾਰ ਸਦਭਾਵਨਾ ਦੇ ਦੁਆਰਾ ਅਗਵਾਈ ਕਰ ਰਿਹਾ ਹੈ। **ਉਹ ਨਹੀਂ ਚਾਹੁੰਦਾ ਹੈ ਭਈ ਕਿਸੇ ਦਾ ਨਾਸ ਹੋਵੇ ਸਗੋਂ ਸੱਭੇ ਤੋਬਾ ਵੱਲ ਮੁੜਨ**। ਪਰ, ਇਸ ਗੱਲ ਨੂੰ ਨਜ਼ਰਅੰਦਾਜ਼ ਨਹੀਂ ਕੀਤਾ ਜਾਣਾ ਚਾਹੀਦਾ ਹੈ ਕਿ ਉਸ ਦੀ ਪਵਿੱਤਰਤਾ ਨੂੰ ਸਾਬਤ ਕੀਤਾ ਜਾਵੇਗਾ। ਜਦੋਂ ਉਸ ਦਾ ਧੀਰਜ ਪੂਰਾ ਹੋ ਜਾਵੇਗਾ, ਮਨੁੱਖ ਜਾਤੀ ਦੇ ਪਾਪਾਂ ਦੇ ਸੰਪੂਰਣ ਹੋ ਜਾਣਗੇ, ਤਾਂ ਪ੍ਰਭੂ ਨਿਆਂ ਕਰੇਗਾ। "ਕਿਉਂ ਜੋ ਅਸਾਂ ਸਭਨਾਂ ਨੇ ਮਸੀਹ ਦੇ ਨਿਆਉਂ ਦੇ ਸਿੰਘਾਸਣ ਦੇ ਅੱਗੇ ਪਰਗਟ ਹੋਣਾ ਹੈ ਭਈ ਹਰੇਕ ਜੋ ਕੁਝ ਉਸ ਨੇ ਦੇਹੀ ਵਿੱਚ ਕੀਤਾ ਭਾਵੇਂ ਭਲਾ ਭਾਵੇਂ ਬੁਰਾ ਆਪੋ ਆਪਣੀਆਂ ਕਰਨੀਆਂ ਦੇ ਅਨੁਸਾਰ ਉਹ ਦਾ ਫਲ ਭੋਗੇ" (2 ਕੁਰਿੰਥੀਆਂ 5:10)।

**ਆਇਤ 10.** ਵਿਪਰੀਤ ਯੋਜਕ **ਪਰ**, ਯੂਨਾਨੀ ਕਿਰਿਆ (ἥξει, *ਹੈਕਸੀ* ) ਜਿਸ ਦਾ ਅਨੁਵਾਦ "ਆਵੇਗਾ" ਦੀ ਮਜ਼ਬੂਤ ਸਥਿਤੀ" ਦੇ ਨਾਲ, ਸੰਦੇਹ ਅਤੇ ਸ਼ੱਕ ਕਰਨ ਤੇ ਇੱਕ ਜ਼ਬਰਦਸਤ ਚੇਤਾਵਨੀ ਹੈ। ਪਤਰਸ ਦਾ ਸੰਦੇਸ਼ ਸਧਾਰਣ ਹੈ: ਉਹ ਕੋਈ ਗਲਤੀ ਨਹੀਂ ਕਰਦਾ ਹੈ, **ਪਭੁ ਦਾ ਦਿਨ . . . ਆਵੇਗਾ**। ਭਾਵੇਂ ਉਹ ਇੱਕ ਹਜ਼ਾਰ ਸਾਲਾਂ ਤੱਕ ਦੇਰ ਕਰੇ ਜਾਂ ਦਿਨ ਖਤਮ ਹੋ ਜਾਣ ਤੋਂ ਪਹਿਲਾਂ ਹੀ ਆ ਜਾਵੇ, ਪਰ ਨਿਆਂ ਨਿਸ਼ਚਤ ਹੈ। "ਪ੍ਰਭੂ ਦਾ ਦਿਨ" ਪੁਰਾਣੇ ਨੇਮ ਵਿਚ ਇੱਕ ਗੂੜ੍ਹ ਧਾਰਣਾ ਹੈ। ਨਬੀਆਂ ਦੇ ਲਈ, ਇਹ ਇੱਕ ਦਿਨ ਹੈ ਜਿਸ ਵਿਚ ਪਰਮੇਸ਼ੁਰ, ਜਾਂ ਤਾਂ ਇਸਰਾਈਲ ਦੇ ਛੁਟਕਾਰੇ ਦੇ ਲਈ ਜਾਂ ਰਾਸ਼ਟਰ ਨੂੰ ਸਜ਼ਾ ਦੇਣ ਦੇ ਲਈ ਪਰਾਕ੍ਰਮ ਦੇ ਨਾਲ ਕੰਮ ਕਰੇਗਾ।

ਉਨ੍ਹਾਂ ਦੇ ਲਈ ਜੋ ਪਰਮੇਸ਼ੁਰ ਦੇ ਚੁਣੇ ਹੋਏ ਲੋਕਾਂ ਨੂੰ ਦੁੱਖ ਪਹੁੰਚਾਇਆ, ਜਾਂ ਜਿਨ੍ਹਾਂ ਨੇ ਉੱਚ ਦਮ ਤੇ ਉਸ ਦੀ ਅਣਆਗਿਆਕਾਰੀ ਕੀਤੀ, "ਪ੍ਰਭੂ ਦਾ ਦਿਨ" ਇੱਕ ਡਰ, ਉਦਾਸੀ, ਅਤੇ ਅੰਧਕਾਰ ਦਾ ਦਿਨ ਹੋਵੇਗਾ। ਪਰਮੇਸ਼ੁਰ ਦੇ ਦੁਆਰਾ ਆਪਣੇ ਰੋਕੇ ਹੋਏ ਗੁੱਸੇ ਨੂੰ ਖੋਲ੍ਹ ਦਿੱਤਾ ਜਾਵੇਗਾ। "ਧਾਹਾਂ ਮਾਰੋ, ਕਿਉਂ ਜੋ ਯਹੋਵਾਹ ਦਾ ਦਿਨ ਨੇੜੇ ਹੈ! ਉਹ ਸਰਵਸ਼ਕਤੀਮਾਨ ਦੇ ਵੱਲੋਂ ਵਿਨਾਸ ਦੇ ਰੂਪ ਵਿਚ ਆ ਜਾਵੇਗਾ" (ਯਸਾਯਾਹ 13:6; ਵੇਖੋ ਸਫ਼ਨਯਾਹ 1:14–16)। ਇੰਝ ਲੱਗਦਾ ਹੈ ਕਿ ਆਮੋਸ ਨੂੰ ਇੱਕ ਮਸ਼ਹੂਰ ਧਾਰਣਾ ਦਾ ਸਾਹਮਣਾ ਕਰਨਾ ਪਿਆ ਸੀ ਕਿ "ਪ੍ਰਭੂ ਦਾ ਦਿਨ" ਇੱਕ ਸਮਾਂ ਹੋਵੇਗਾ ਜਦੋਂ ਪਰਮੇਸ਼ੁਰ ਇਸਰਾਈਲ ਦੇ ਦੁਸ਼ਮਣਾਂ ਦੇ ਵਿਰੁੱਧ ਆਪਣੇ ਕ੍ਰੋਧ ਨੂੰ ਬਾਹਰ ਕੱਢੇਗਾ। ਇਹ ਛੁਟਕਾਰੇ ਦਾ ਦਿਨ ਹੋਵੇਗਾ। ਅਸਲ ਵਿਚ, ਨਬੀ ਨੇ ਕਿਹਾ, "ਪਰਮੇਸ਼ੁਰ ਤੁਹਾਡੇ ਉੱਤੇ ਕ੍ਰੋਧਵਾਨ ਹੈ, ਨਾ ਕਿ ਤੁਹਾਡੇ ਆਲੇ-ਦੁਆਲੇ ਦੇ ਮੂਰਤੀਪੂਜਕ ਰਾਸ਼ਟਰਾਂ ਦੇ ਨਾਲ।" ਉਸ ਨੇ ਕਿਹਾ, "ਹਾਇ ਤੁਹਾਡੇ ਉੱਤੇ ਜੋ ਯਹੋਵਾਹ ਦੇ ਦਿਨ ਨੂੰ ਲੋਚਦੇ ਹੋ! ਤੁਸੀਂ ਯਹੋਵਾਹ ਦਾ ਦਿਨ ਕਾਹਨੂੰ ਚਾਹੁੰਦੇ ਹੋ? ਉਹ ਅਨ੍ਹੇਰਾ ਹੈ, ਚਾਨਣ ਨਹੀਂ" (ਆਮੋਸ 5:18)।

ਨਵੇਂ ਨੇਮ ਵਿਚ, "ਪ੍ਰਭੂ ਦਾ ਦਿਨ" ਦੇ ਨਾਲ ਪੁਰਾਣੇ ਨੇਮ ਨਾਲੋਂ ਵੱਧ ਸਕਾਰਾਤਮਕ ਵਿਚਾਰ ਜੁੜੇ ਹੋਏ ਹਨ। ਇਹ ਠੀਕ ਹੈ, ਕਿ ਇਹ ਹੁਣ ਵੀ ਕ੍ਰੋਧ ਅਤੇ ਨਿਆਂ ਦਾ ਦਿਨ ਹੈ; ਪਰ ਇਹ ਉਹ ਦਿਨ ਵੀ ਹੈ ਜਦੋਂ ਪਰਮੇਸ਼ੁਰ ਦੇ ਲੋਕਾਂ ਨੂੰ ਸਹੀ ਸਾਬਤ ਕੀਤਾ ਜਾਵੇਗਾ, ਜਦੋਂ ਉਨ੍ਹਾਂ ਨੂੰ ਪਰਮੇਸ਼ੁਰ ਦੀ ਹਜ਼ੂਰੀ ਦੇ ਵਿਚੋਂ ਸ਼ਾਂਤੀ ਅਤੇ ਅਰਾਮ ਪ੍ਰਾਪਤ ਹੋਵੇਗਾ। ਸਭ ਤੋਂ ਵੱਧ ਕੇ, "ਪ੍ਰਭੂ ਦਾ ਦਿਨ" ਉਹ ਸਮਾਂ ਹੋਵੇਗਾ ਜਦੋਂ ਯਿਸੂ ਮਸੀਹ ਸਵਰਗਾਂ ਵਿਚ ਪਰਗਟ ਹੋਵੇਗਾ, ਜਦੋਂ ਉਹ ਨਿਆਂ ਕਰਨ ਦੇ ਲਈ ਦੁਬਾਰਾ ਵਾਪਸ ਆਵੇਗਾ।

ਲੂਕਾ 17:22–37 ਵਿਚਲਾ ਯਰੂਸ਼ਲਮ ਦੇ ਉੱਤੇ ਆਉਣ ਵਾਲਾ ਨਿਆਂ ਅਤੇ ਸੰਸਾਰ ਦਾ ਅੰਤਿਮ ਨਿਆਂ ਆਪਸ ਵਿਚ ਮਿਲਾਉਣ ਤੇ, ਇਹ ਉਲਝਣ ਭਰਿਆ ਹੈ, ਪਰ "ਦਿਨ" ਦੀ

ਧਾਰਣਾ ਸਾਰੇ ਹਵਾਲੇ ਵਿੱਚ ਚੱਲਦੀ ਹੈ: "ਓਸੇ ਤਰਾਂ ਮਨੁੱਖ ਦਾ ਪੁੱਤ੍ਰ ਆਪਣੇ ਦਿਨ ਵਿੱਚ ਹੋਵੇਗਾ " (17:24), "ਮਨੁੱਖ ਦੇ ਪੁੱਤ੍ਰ ਦੇ ਦਿਨਾਂ " (17:26), "ਉਸ ਦਿਨ " (17:31)। ਪੌਲੁਸ ਨੇ ਲਿਖਿਆ, "ਇਸ ਲਈ ਜੋ ਪ੍ਰਭੁ ਆਪ ਲਲਕਾਰੇ ਨਾਲ . . . ਸੁਰਗ ਤੋਂ ਉਤਰੇਗਾ" (1 ਥੱਸਲੁਨੀਕੀਆਂ 4:16)। ਪਤਰਸ ਦੇ ਨਜ਼ਰੀਏ ਤੋਂ, "ਪ੍ਰਭੂ ਦਾ ਦਿਨ" ਇੱਕ ਘਟਨਾ ਸੀ ਜੋ ਧਰਤੀ ਦੇ ਸਮੇਂ ਦੇ ਅੰਤ ਦਾ ਨਿਸ਼ਾਨ ਸੀ। ਉਸ ਦਿਨ, ਯਿਸੂ ਮਨੁੱਖ ਜਾਤੀ ਦੀਆਂ ਪੀੜ੍ਹੀਆਂ ਦਾ ਨਿਆਂ ਕਰੇਗਾ। ਧਰਤੀ, ਘੱਟੋ ਘੱਟ ਆਪਣੇ ਮੌਜੂਦਾ ਰੂਪ ਵਿਚ, ਖਤਮ ਹੋ ਜਾਵੇਗੀ। **ਜਿਹ ਦੇ ਵਿੱਚ ਅਕਾਸ਼ ਸਰਨਾਟੇ ਨਾਲ ਜਾਂਦੇ ਰਹਿਣਗੇ ਅਤੇ ਮੂਲ ਵਸਤਾਂ ਵੱਡੇ ਤਾਉ ਨਾਲ ਤਪ ਕੇ ਢਲ ਜਾਣਗੀਆਂ।**

ਪ੍ਰਭੂ ਅਤੇ ਨਿਆਂਈ ਦੇ ਰੂਪ ਵਿਚ ਯਿਸੂ ਅਚਾਨਕ ਪਰਗਟ ਹੋਵੇਗਾ। ਇੱਥੇ ਇੱਕ ਵਿਸ਼ੇਸ਼ ਦਿਨ ਅਤੇ ਘੜੀ ਦੇ ਵਿਸ਼ੇ ਵਿਚ ਕੋਈ ਖਾਸ ਚੇਤਾਵਨੀ ਨਹੀਂ ਹੋਵੇਗੀ। ਯਿਸੂ ਨੇ ਚੇਲਿਆਂ ਨੂੰ ਕਿਹਾ ਕਿ ਉਹ ਇੱਕ ਚੋਰ ਦੀ ਤਰ੍ਹਾਂ ਆਵੇਗਾ (ਮੱਤੀ 24:43)। 1 ਥੱਸਲੁਨੀਕੀਆਂ 5:2 ਵਿਚ ਪੌਲੁਸ ਨੇ ਵੀ ਇੱਕ ਚੋਰ ਦੇ ਰੂਪਕ ਨੂੰ ਲਿਆ। ਪਰਕਾਸ਼ ਦੀ ਪੋਥੀ ਵਿਚ, "ਚੋਰ" ਰੂਪਕ ਜਾਰੀ ਹੈ (ਪਰਕਾਸ਼ 3:3; 16:15)। ਪਤਰਸ ਦੇ ਅਨੁਸਾਰ, ਵੀ, **ਪ੍ਰਭੁ ਦਾ ਦਿਨ ਚੋਰ ਵਾਂਙੁ ਆਵੇਗਾ**। ਜਿਵੇਂ ਇੱਕ ਚੋਰ ਪਹਿਲਾਂ ਤੋਂ ਸੂਚਿਤ ਨਹੀਂ ਕਰਦਾ ਕਿ ਉਹ ਦੀ ਯੋਜਨਾ ਕਦੋਂ ਦੀ ਹੈ ਕਿ ਉਹ ਸੰਨ੍ਹ ਲਾਵੇਗਾ, ਉਸੇ ਤਰ੍ਹਾਂ ਯਿਸੂ ਨੇ ਵੀ ਕੋਈ ਸੂਚਨਾ ਨਹੀਂ ਦਿੱਤੀ। ਚੋਰ ਕੋਲੋਂ ਸੁਰੱਖਿਅਤ ਰਹਿਣ ਦਾ ਇੱਕੋ ਤਰੀਕਾ ਹੈ ਕਿ ਸਭ ਸਮੇਂ ਤਿਆਰ ਰਹੋ। ਪਰਮੇਸ਼ੁਰ ਦੇ ਲੋਕਾਂ ਨੂੰ ਇਸ ਪ੍ਰਕਾਰ ਜੀਉਣ ਦੀ ਲੋੜ ਹੈ ਕਿ ਉਹ ਭਾਵੇਂ ਜਦੋਂ ਮਰਜ਼ੀ ਆਵੇ ਉਹ ਪ੍ਰਭੁ ਦੇ ਲਈ ਤਿਆਰ ਹੋਣ। ਪੂਰੇ ਨਵੇਂ ਨੇਮ ਵਿਚ ਕਿਤੇ ਵੀ ਇਸ ਤੋਂ ਵੱਧ ਕੇ ਕਲਪਨਾ ਨਹੀਂ ਕੀਤੀ ਗਈ ਹੈ ਕਿ ਪ੍ਰਭੂ ਕਦੋਂ ਆਵੇਗਾ ਜਾਂ ਉਸ ਦਾ ਆਉਣਾ ਕਿਸ ਪ੍ਰਕਾਰ ਦਾ ਹੋਵੇਗਾ। ਨਰਕ ਅਤੇ ਸਵਰਗ ਦਾ ਸਿਧਾਂਤ ਨਵੇਂ ਨੇਮ ਵਿਚ ਨੈਤਿਕਤਾ ਦਾ ਕੰਮ ਕਰਦਾ ਹੈ। ਇਸ ਗੱਲ ਨੂੰ ਜਾਣਦੇ ਹੋਏ ਕਿ ਉਹ ਆਵੇਗਾ, ਕਿਸੇ ਨੂੰ ਚੇਤਾਵਨੀ ਦੇ ਕੇ ਧਾਰਮਿਕ ਜੀਵਨ ਜੀਉਣ ਲਈ ਪ੍ਰੇਰਿਤ ਕੀਤਾ ਜਾਂਦਾ ਹੈ।

ਆਇਤ 10 ਦਾ ਆਖਰੀ ਹਿੱਸਾ ਨਵੇਂ ਨੇਮ ਦੇ ਸਭ ਤੋਂ ਸਭ ਤੋਂ ਵੱਧ ਕੇ ਔਖੇ ਸ਼ਬਦਾਂ ਰੂਪਾਂ ਨੂੰ ਪੇਸ਼ ਕਰਦਾ ਹੈ। ਕੁਝ ਪੁਰਾਤਨ ਨਕਲਾਂ ਵਿਚ ਲਿਖਿਆ ਹੈ, **ਧਰਤੀ ਅਤੇ ਇਸ ਦੇ ਕੰਮ ਜਲ ਬਲ ਜਾਣਗੇ** (κατακαήσεται, *ਕਾਤਾਕਾਈਸੇਤਾਈ* )। ਦੂਜੀਆਂ ਨਕਲਾਂ, ਸ਼ਾਬਦਿਕ ਅਨੁਵਾਦ ਤੋਂ ਬਾਅਦ ਪੜ੍ਹਦੀਆਂ ਹਨ, "ਧਰਤੀ ਅਤੇ ਇਸ ਦੇ ਕੰਮ ਵਿਖਾਈ ਦੇਣਗੇ" (εὑρεθήσεται, *ਹਿਊਰਦੀਸਥਾਈ*)। ਸ਼ਾਬਦਿਕ ਸਬੂਤ ਨੂੰ ਬਰਾਬਰ ਵੰਡਿਆ ਗਿਆ ਹੈ। NASB ਅਤੇ KJV ਸੰਸਕਰਣਾਂ ਵਿਚ "ਜਲ ਬਲ ਜਾਣਗੇ" ਪਾਠ ਦਾ ਪਾਲਣ ਕੀਤਾ ਗਿਆ ਹੈ। ਦੀ ਨਿਊ ਵਰਲਡ ਟ੍ਰਾਂਸਲੇਸ਼ਨ ਵਿਚ ਹੈ "ਪਾਏ ਜਾਣਗੇ" (ਜੋ ਹੈ, "ਮਿਲਣਾ") ਤਾਂ ਕਿ ਉਸ ਸਿੱਖਿਆ ਦਾ ਸਮਰਥਨ ਕੀਤਾ ਜਾ ਸਕੇ ਕਿ ਜ਼ਿਆਦਾਤਰ ਬਚਾਏ ਹੋਏ ਲੋਕ, ਭਵਿੱਖ ਦੇ ਕੁਝ ਸਮੇਂ ਦੇ ਲਈ, ਮੁਰੰਮਤ ਕੀਤੀ ਹੋਈ ਧਰਤੀ ਉੱਤੇ ਰਹਿਣਗੇ।

ਭਾਵੇਂ ਅਸੀਂ "ਜਲ ਬਲ ਜਾਣਗੇ" ਜਾਂ "ਪਾਏ ਜਾਣਗੇ" ਪੜ੍ਹੀਏ, ਪਾਠਕ ਸ਼ਬਦ ਦੀ ਖਾਸ ਬਾਰੀਕੀ ਨੂੰ ਸਮਝਣ ਵਿਚ ਮਦਦ ਹਾਸਲ ਲੈਣ ਦੇ ਲਈ ਜ਼ਰੂਰ ਹਵਾਲੇ ਵੱਲ ਮੁੜੇਗਾ ਜਿਵੇਂ ਪਤਰਸ ਨੇ ਇਸ ਨੂੰ ਇਸਤੇਮਾਲ ਕੀਤਾ ਹੈ। ਹਵਾਲੇ ਵਿਚ ਅਕਾਸ਼ ਸਰਨਾਟੇ ਨਾਲ ਜਾਂਦੇ ਰਹਿਣਗੇ ਅਤੇ ਮੂਲ ਵਸਤਾਂ ਵੱਡੇ ਤਾਉ ਨਾਲ ਤਪ ਕੇ ਢਲ ਜਾਣਗੀਆਂ। ਜੇਕਰ ਅਸੀਂ ਪਾਠ "ਪਾਏ ਜਾਣਗੇ" ਦਾ ਇਸਤੇਮਾਲ ਕਰਦੇ ਹਾਂ, ਤਾਂ ਸ਼ਬਦ ਜਿਸ ਭਾਵਨਾ ਨੂੰ ਦੱਸਦੇ ਹਨ ਉਸ ਨੂੰ

ਹਵਾਲੇ ਦੇ ਦੁਆਰਾ ਨਿਰਧਾਰਤ ਕਰਨਾ ਚਾਹੀਦਾ ਹੈ। NIV ਦੇ ਅਨੁਸਾਰ ਹਵਾਲੇ ਨੂੰ ਲੇਖ ਵਿਚ ਲਓ ਅਤੇ ਉਸ ਦਾ ਅਨੁਵਾਦ ਕਰੋ, "ਧਰਤੀ ਅਤੇ ਜੋ ਕੁਝ ਇਸ ਵਿਚ ਹੈ ਉਸ ਨੂੰ ਉਜਾਗਰ ਕੀਤਾ ਜਾਵੇਗਾ।" ਜੇਕਰ "ਪਾਇਆ ਜਾਣਾ" ਸਹੀ ਪਾਠ ਹੈ, ਤਾਂ ਇਸ ਗੱਲ ਵਿਚ ਕੋਈ ਸ਼ੱਕ ਨਹੀਂ ਹੈ ਕਿ ਭਾਵਨਾ ਵਿਚ ਪਤਰਸ ਦਾ ਅਰਥ "ਪਤਾ ਲੱਗਾ," "ਨੰਗਾ ਰੱਖਿਆ ਗਿਆ," ਜਾਂ "ਖੁੱਲ੍ਹਾ ਰੱਖਿਆ ਗਿਆ।" ਰਸੂਲ ਦਾ ਅਰਥ ਸਪੱਸ਼ਟ ਹੈ। ਪ੍ਰਭੂ ਦੇ ਆਉਣ ਦੇ ਸਮੇਂ ਧਰਤੀ ਅਤੇ ਇਸ ਵਿਚਲੀਆਂ ਸਭ ਵਸਤੂਆਂ ਨਾਸ ਕੀਤੀਆਂ ਜਾਣਗੀਆਂ।

## ਪ੍ਰਭੂ ਦੇ ਦਿਨ ਨੂੰ ਧਿਆਨ ਵਿਚ ਰੱਖਦੇ ਹੋਏ ਪਵਿੱਤਰ ਜੀਵਨ ਗੁਜ਼ਾਰਨਾ (3:11-13)

**[11]ਜਦੋਂ ਏਹ ਸੱਭੇ ਵਸਤਾਂ ਇਉਂ ਢਲ ਜਾਣ ਵਾਲੀਆਂ ਹਨ ਤਾਂ ਤੁਹਾਨੂੰ ਹਰ ਪਰਕਾਰ ਦੇ ਪਵਿੱਤਰ ਚਲਣ ਅਤੇ ਭਗਤੀ ਵਿੱਚ ਕੇਹੋ ਜੇਹੇ ਹੋਣਾ ਚਾਹੀਦਾ ਹੈ? [12]ਅਤੇ ਪਰਮੇਸ਼ੁਰ ਦੇ ਉਸ ਦਿਨ ਦੇ ਆਉਣ ਨੂੰ ਉਡੀਕਦੇ ਅਤੇ ਲੋਚਦੇ ਰਹੋ ਜਿਹ ਦੇ ਕਾਰਨ ਅਕਾਸ਼ ਬਲ ਕੇ ਢਲ ਜਾਣਗੇ ਅਤੇ ਮੂਲ ਵਸਤਾਂ ਵੱਡੇ ਤਾਉ ਨਾਲ ਤਪ ਕੇ ਪੱਘਰ ਜਾਣਗੀਆਂ। [13]ਪਰ ਉਹ ਦੇ ਬਚਨ ਦੇ ਅਨੁਸਾਰ ਅਸੀਂ ਨਵੇਂ ਅਕਾਸ਼ ਅਤੇ ਨਵੀਂ ਧਰਤੀ ਦੀ ਉਡੀਕ ਕਰਦੇ ਹਾਂ ਜਿਨ੍ਹਾਂ ਵਿੱਚ ਧਰਮ ਵੱਸਦਾ ਹੈ।**

ਪਤਰਸ ਨੇ ਵਿਅਰਥ ਉਤਸੁਕਤਾ ਨੂੰ ਸੰਤੁਸ਼ਟ ਕਰਨ ਦੇ ਲਈ ਪ੍ਰਭੂ ਦੀ ਆਮਦ ਦਾ ਵਰਣਨ ਨਹੀਂ ਕੀਤਾ ਸੀ। ਇਸ ਵਿਸ਼ੇ ਵਿਚ ਕਲਪਨਾ ਕਰਨਾ ਕਿ ਪ੍ਰਭੂ ਕਦੋਂ ਆਵੇਗਾ ਬੇਕਾਰ ਹੈ। ਹਾਲਾਤਾਂ ਅਤੇ ਸਮੇਂ ਦੇ ਬੰਧਨ ਵਿਚ ਬੱਝ ਕੇ, ਮਸੀਹੀ ਪ੍ਰਭੂ ਦੀ ਵਾਪਸੀ ਦੇ ਵਿਸ਼ੇ ਵਿਚ ਤੇ ਉਸ ਨਿਆਂ ਦੇ ਬਾਰੇ ਜੋ ਉਸ ਦੇ ਨਾਲ ਸੰਗਤ ਹੈ ਉਹ ਸਭ ਕੁਝ ਨਹੀਂ ਸਮਝ ਸਕਣਗੇ ਜੋ ਪਰਮੇਸ਼ੁਰ ਸਮਝਦਾ ਹੈ। ਉਸ ਦੇ ਲੋਕਾਂ ਦੇ ਲਈ ਇਹ ਜਾਣਨਾ ਕਾਫੀ ਹੈ ਕਿ ਉਹ ਕੀ ਕਰੇਗਾ, ਨਾ ਕਿ ਉਹ ਇਸ ਨੂੰ ਕਿਵੇਂ ਅਤੇ ਕਦੋਂ ਕਰੇਗਾ। ਇਸ ਬਾਰੇ ਕਲਪਨਾ ਕਰਨ ਦੀ ਬਜਾਇ ਕਿ ਪਰਮੇਸ਼ੁਰ ਇਸ ਧਰਤੀ ਦਾ ਅੰਤ ਕਿਵੇਂ ਲਿਆਵੇਗਾ, ਪਤਰਸ ਸੰਕੇਤਾਂ ਵੱਲ ਧਿਆਨ ਕਰਨ ਵਿਚ ਸੰਤੁਸ਼ਟ ਸੀ। ਜੇਕਰ ਇਹ ਸੰਸਾਰ ਪਰਮੇਸ਼ੁਰ ਦੇ ਸਮੱਰਥੀ ਦੇ ਹੱਥ ਦੇ ਅਧੀਨ ਹੈ, ਜੇਕਰ ਯਿਸੂ ਦੁਬਾਰਾ ਆਉਣ ਵਾਲਾ ਹੈ, ਤਾਂ ਕਿ ਮਨੁੱਖ ਜਾਤੀ ਦਾ ਨਿਆਂ ਕਰੇ, ਅਤੇ ਧਰਤੀ ਦਾ ਨਾਸ ਕਰੇ, ਤਾਂ ਮਸੀਹੀਆਂ ਨੂੰ ਉਨ੍ਹਾਂ ਗੱਲਾਂ ਨੂੰ ਮਨ ਵਿਚ ਰੱਖ ਕੇ ਜੀਉਣਾ ਚਾਹੀਦਾ ਹੈ। ਜੇਕਰ ਪ੍ਰਭੂ ਦੀ ਆਮਦ ਨੂੰ ਮੱਦੇਨਜ਼ਰ ਰੱਖ ਕੇ ਜੀਵਨ ਗੁਜ਼ਾਰਿਆ ਜਾਵੇ ਤਾਂ ਜੀਵਨ ਬਿਲਕੁਲ ਅਲੱਗ ਕਿਸਮ ਦਾ ਹੁੰਦਾ ਹੈ। ਜਦੋਂ ਮਸੀਹੀ ਉਤਸੁਕਤਾ ਦੇ ਨਾਲ ਉਸ ਦੇ ਆਉਣ ਦੀ ਰਾਹ ਵੇਖਦੇ ਹਨ, ਤਾਂ ਉਹ ਪਵਿੱਤਰ ਅਤੇ ਚੰਗੇ ਜੀਵਨ ਜੀਉਂਦੇ ਹਨ। ਅਗਲੀਆਂ ਆਇਤਾਂ ਵਿਚ ਪਤਰਸ ਦਾ ਬਿੰਦੂ ਇਹੋ ਹੈ।

**ਆਇਤ 11.** ਰਸੂਲ ਦਾ ਆਲੰਕਾਰਪੂਰਣ ਪ੍ਰਸ਼ਨ, **ਕੇਹੋ ਜੇਹੇ ਹੋਣਾ ਚਾਹੀਦਾ ਹੈ**, ਇਸ ਸਿੱਟੇ ਤੇ ਉਸਾਰਿਆ ਗਿਆ ਹੈ, **ਜਦੋਂ ਏਹ ਸੱਭੇ ਵਸਤਾਂ ਇਉਂ ਢਲ ਜਾਣ ਵਾਲੀਆਂ ਹਨ**। ਚੁਨੌਤੀ ਸਾਰੇ ਲੋਕਾਂ ਦੇ ਲਈ ਯੋਗ ਹੈ, ਭਾਵੇਂ ਉਹ ਮਸੀਹੀ ਹੋਣ ਭਾਵੇਂ ਨਾ ਹੋਣ। ਇਸ ਗੱਲ ਨੂੰ ਸਮਝਣ ਦੇ ਲਈ ਕਿ ਧਰਤੀ ਦੀ ਚਮਕ-ਦਮਕ ਅਸਥਾਈ ਹੈ ਕਿਸੇ ਖਾਸ ਸੂਜ ਦੀ ਲੋੜ ਨਹੀਂ ਹੁੰਦੀ ਹੈ। ਕੋਈ ਕੋਈ ਵੀ ਧਨ ਦੌਲਤ ਇਕੱਠੀ ਕਰ ਲਵੇ ਉਹ ਪਿੱਛੇ ਹੀ ਰਹਿ ਜਾਵੇਗੀ। ਜੋ ਕੁਝ ਵੀ ਕੋਈ ਬਣਾਉਂਦਾ ਹੈ ਉਹ ਘਿਸ ਜਾਵੇਗਾ ਅਤੇ ਅਸਫਲ ਹੋ ਜਾਵੇਗਾ। ਇੱਥੋਂ ਤੱਕ

ਕਿ ਭਾਵੇਂ ਸਾਡਾ ਪਰਮੇਸ਼ੁਰ ਵਿਚ ਕੋਈ ਵੀ ਵਿਸ਼ਵਾਸ ਨਾ ਵੀ ਹੋਵੇ, ਤਾਂ ਵੀ ਕਿਸੇ ਦੇ ਜੀਵਨ ਨੂੰ ਇਸ ਪ੍ਰਕਾਰ ਬਣਾਉਣਾ ਜਿਵੇਂ ਇਸ ਦਾ ਕੋਈ ਅੰਤ ਨਹੀਂ ਹੈ ਮੂਰਖਤਾ ਹੋਵੇਗੀ। ਅਵਿਸ਼ਵਾਸੀ ਦੇ ਲਈ, ਉੱਥੇ ਸਿਰਫ ਇੱਕ ਖੇਦਪੂਰਣ, ਨਿਰਾਸ਼ਾਜਨਕ ਵਿਸ਼ਵਾਸ ਪਰਗਟ ਹੁੰਦਾ ਹੈ ਕਿ ਮਨੁੱਖ ਦਾ ਜੀਵਨ ਇੱਕ ਪਤੰਗੇ ਜਾਂ ਛੋਟੇ ਜਿਹੇ ਕੀੜੇ ਤੋਂ ਵੱਧ ਕੇ ਨਹੀਂ ਹੈ। ਇੱਕ ਮਨੁੱਖ ਉਸ ਸਾਰੇ ਭੋਗ-ਵਿਲਾਸ ਦਾ ਅਨੰਦ ਲੈਂਦਾ ਹੈ ਜੋ ਉਹ ਲੈ ਸਕਦਾ ਹੈ ਅਤੇ ਮਰ ਜਾਂਦਾ ਹੈ। ਇਸ ਦੇ ਉਲਟ, ਬਾਈਬਲ ਦਾ ਨਿਰੰਤਰ ਸੰਦੇਸ਼ ਇਹ ਹੈ ਕਿ ਲੋਕ ਪਰਮੇਸ਼ੁਰ ਦੇ ਸਰੂਪ ਤੇ ਬਣਾਏ ਗਏ ਹਨ, ਅਤੇ ਇਸ ਕਾਰਨ ਉਹ ਪਰਮੇਸ਼ੁਰ ਦੇ ਪ੍ਰਤੀ ਜਵਾਬਦੇਹ ਹਨ। ਜੇਕਰ ਕਾਇਨਾਤ ਪਰਮੇਸ਼ੁਰ ਦੀ ਰਚਨਾ ਹੈ, ਤਾਂ ਪਰਮੇਸ਼ੁਰ ਇਸ ਦੇ ਭਵਿੱਖ ਨੂੰ ਤੈਅ ਕਰ ਸਕਦਾ ਹੈ ਅਤੇ ਤੈਅ ਕਰੇਗਾ।

ਪਰਮੇਸ਼ੁਰ ਨੇ ਅੰਤ ਦੇ ਸਮੇਂ ਦੇ ਲਈ ਜੋ ਪ੍ਰੇਰਣਾ ਦਿੱਤੀ ਹੈ ਪਰ ਉਹ ਉਸ ਬੇਕਾਰ ਉਤਸੁਕਤਾ ਨੂੰ ਸੰਤੁਸ਼ਟ ਕਰਨ ਦੇ ਲਈ ਨਹੀਂ ਹੈ; ਉਹ ਧਾਰਮਿਕਤਾ ਦੇ ਜੀਵਨ ਦੇ ਲਈ ਪ੍ਰੇਰਿਤ ਕਰਨ ਦੇ ਲਈ ਹੈ। ਬਾਈਬਲ ਦੇ ਵਿਚ ਪਰਮੇਸ਼ੁਰ ਦੀ ਵਾਸਤਵਿਕਤਾ ਦਾ ਦਿੱਤਾ ਜਾਣਾ, ਉਸ ਦਾ ਆਪਣੇ ਆਪ ਨੂੰ ਪਰਗਟ ਕਰਨਾ ਦਿੱਤਾ ਜਾਣਾ, ਇਹ ਅਨੁਸਰਣ ਕਰਦਾ ਹੈ ਕਿ ਮਨੁੱਖ ਦਾ ਵਿਹਾਰ ਪਰਮੇਸ਼ੁਰ ਦੇ ਸੁਭਾਅ ਦਾ ਇੱਕ ਪ੍ਰਤਿਬਿੰਬ ਹੋਣਾ ਚਾਹੀਦਾ ਹੈ। ਇਸ ਦੇ ਅੰਦਰ, ਸਿਰਫ ਦੋ ਨੈਤਿਕ ਪ੍ਰਣਾਲੀਆਂ ਵਿਚ ਯੋਗਤਾ ਹੈ ਕਿ ਉਹ ਸਾਡੇ ਧਿਆਨ ਦਾਅਵਾ ਕਰ ਸਕਣ। ਪਹਿਲਾ ਇਹ ਹੈ ਕਿ ਇੱਕ ਕਾਇਨਾਤ ਵਿਚ ਜੋ ਬਿਨਾਂ ਦਿਮਾਗ, ਬਿਨਾਂ ਉਦੇਸ਼, ਅਤੇ ਬਿਨਾਂ ਦਿਸ਼ਾ ਦੈ ਹੈ ਸਿਰਫ ਮਨੁੱਖਾਂ ਦੇ ਕੋਲ ਇਹ ਕਰ ਸਕਣ ਦਾ ਇੱਕ ਸੰਯੋਗ ਹੈ। ਅਜਿਹੇ ਮਾਮਲੇ ਵਿਚ, ਨੈਤਿਕਤਾ ਪੰਜੇ ਅਤੇ ਨੂੰਹ ਦੀ ਵਿਵਸਥਾ ਹੈ। ਜਿਸ ਦਾ ਝੁੰਡ ਵੱਡਾ ਹੁੰਦਾ ਹੈ ਉਹੀ ਸਹੀ ਹੁੰਦਾ ਹੈ।

ਸਿਰਫ ਇੱਕ ਹੋਰ ਨੈਤਿਕ ਸਿਸਟਮ ਜੋ ਅਰਥ ਰੱਖਦੀ ਹੈ ਜਿਸ ਦੀ ਬੁਨਿਆਦ ਪਰਮੇਸ਼ੁਰ ਦੀ ਹੋਂਦ ਵਿਚ ਹੈ। ਇਹ ਦਾਅਵਾ ਕਰਦੀ ਹੈ ਕਿ ਪਰਮੇਸ਼ੁਰ ਦੀ ਮੌਜੂਦਗੀ ਦੇ ਕਾਰਨ ਇੱਥੇ ਇੱਕ ਜ਼ਰੂਰੀ "ਧਾਰਮਿਕਤਾ" ਹੈ ਜੋ ਕਾਇਨਾਤ ਦੀ ਬਣਤਰ ਵਿਚ ਉਸਾਰੀ ਗਈ ਹੈ। ਜਿਸ ਵਿਚ ਜੀਵਨ ਦੀ ਅਗਵਾਈ ਕਰਨ ਦੇ ਲਈ ਅਸੂਲ ਹਨ ਜੋ ਉਸ ਦੇ ਲਈ ਇੱਕ ਉਚਿਤਤਾ ਹਨ। ਨੀਤਿ ਸ਼ਾਸਤਰ "ਉਸ ਦੀ ਕਿਰਪਾ ਅਤੇ ਭਲਾਈ ਦੇ ਲਈ ਪਰਮੇਸ਼ੁਰ ਦੇ ਲੋਕਾਂ ਦੀ ਇੱਕ ਪ੍ਰਤੀਕਿਰਿਆ ਹੈ।"[8] ਰੋਬਰਟ ਡੇਵਿਡਸਨ ਨੇ ਇਹ ਚੰਗੀ ਤਰ੍ਹਾਂ ਕਿਹਾ ਹੈ:

> ਧਿਆਨ ਦੇਣ ਲਈ ਮਹੱਤਵਪੂਰਣ ਗੱਲ ਇਹ ਹੈ ਕਿ ਜੋ ਕੁਝ ਉਹ ਪਰਮੇਸ਼ੁਰ ਦੇ ਵਿਸ਼ੇ ਵਿਚ ਜਾਣਦੇ ਹਨ ਉਸ ਦੇ ਕਾਰਨ ਲੋਕਾਂ ਕੋਲੋਂ ਇੱਕ ਨਿਸ਼ਚਤ ਆਗਿਆਕਾਰੀ, ਇੱਕ ਨਿਸ਼ਚਤ ਜੀਵਨ ਢੰਗ ਦੀ ਮੰਗ ਕੀਤੀ ਗਈ ਹੈ। ਹੋਰਨਾਂ ਸ਼ਬਦਾਂ ਵਿਚ, ਨੈਤਿਕ ਆਦਰਸ਼ ਪਰਮੇਸ਼ੁਰ ਦੇ ਪਰਗਟ ਚਰਿੱਤਰ ਦੇ ਨਾਲ ਗੂੜ੍ਹੇ ਸੰਬੰਧ ਰੱਖਦੇਹਨ।[9]

ਮਸੀਹੀ ਜੀਵਨ ਦਾ ਇਕਸਾਰ ਟੀਚਾ **ਪਵਿੱਤਰ ਚਲਣ ਅਤੇ ਭਗਤੀ** ਹੈ। ਸ਼ਬਦ (ἀναστροφή, *ਅਨਾਸਟਰੂਫੀ*) ਜਿਸ ਦਾ ਅਨੁਵਾਦ "ਚਲਣ" ਇੱਕ ਜੀਵਨ ਢੰਗ ਦਾ ਵਰਣਨ ਕਰਦਾ ਹੈ ਜਿਸ ਨੂੰ ਆਤਮ-ਗਿਆਨ ਦੁਆਰਾ ਚੁਣੇ ਗਏ ਅਸੂਲਾਂ ਦੀ ਅਗਵਾਈ ਵਿਚ ਚਲਾਇਆ ਜਾਂਦਾ ਹੈ। ਪਤਰਸ ਦੇ ਲਈ, ਜੀਵਨ ਦਾ ਮਾਰਗ-ਦਰਸ਼ਨ ਕਰ ਸਕਣ ਦੇ ਯੋਗ ਸਿਰਫ ਉਹੀ ਸਿਧਾਂਤ ਸਨ ਜੋ ਪਰਮੇਸ਼ੁਰ ਦੇ ਦੁਆਰਾ ਸਥਾਪਤ ਕੀਤੇ ਗਏ ਸਨ। "ਪਵਿੱਤਰ-ਚਲਣ" ਇੱਕ ਵਿਹਾਰ ਹੈ ਜੋ ਪਰਮੇਸ਼ੁਰ ਨੂੰ ਮਹਿਮਾ ਦਿੰਦਾ ਹੈ ਕਿਉਂਕਿ ਇਹ ਉਸ

ਦੇ ਸੁਭਾਅ ਅਤੇ ਹੋਂਦ ਦਾ ਇੱਕ ਪ੍ਰਤਿਬਿੰਬ ਹੈ। ਪਤਰਸ ਦਾ ਸ਼ਬਦ ਜਿਸ ਦਾ ਅਨੁਵਾਦ "ਭਗਤੀ" (εὐσέβεια, *ਈਜ਼ਬਿਆ*) ਕੀਤਾ ਗਿਆ ਹੈ ਡਰ, ਸ਼ਾਂਤੀ, ਸ਼ਰਧਾ ਨਾਲ ਭਰੀ ਹੈਰਾਨੀ ਦਾ ਹਵਾਲਾ ਦਿੰਦਾ ਹੈ ਜੋ ਵਿਸ਼ਵਾਸ ਦੇ ਜੀਵਨ ਦੇ ਨਾਲ ਸੰਬੰਧਤ ਹੈ। ਇਹ ਹਵਾਲਾ, ਜੀਵਨ ਦੇ ਕ੍ਰਮ ਦਾ ਇੱਕ ਖਾਸ ਰੂਪ ਵਿਚ ਵਰਣਨ ਕਰਦਾ ਹੈ ਜੋ ਕਾਇਨਾਤ ਉੱਤੇ ਪਰਮੇਸ਼ੁਰ ਦੇ ਰਾਜ ਦੀ ਨਿਸ਼ਚਤਾ ਤੋਂ ਵਹਿੰਦਾ ਹੈ।

**ਆਇਤ 12.** ਯਿਸੂ ਦੇ ਚੇਲਿਆਂ ਦੀ ਉਸ ਸਮੇਂ ਦੀ ਸਟੀਕ ਗਣਨਾ ਕਰਨ ਦੇ ਵਿਚ ਬਹੁਤ ਹੀ ਘੱਟ ਦਿਲਚਸਪੀ ਸੀ ਜਦੋਂ **ਪਰਮੇਸ਼ੁਰ** ਦਾ **ਦਿਨ** ਆਉਂਦਾ ਹੈ, ਨਾ ਹੀ ਇਹ ਉਦਾਸੀਨਤਾ ਦਾ ਇੱਕ ਵਿਸ਼ਾ ਰਿਹਾ ਹੈ। ਇਸ ਦੀ ਬਜਾਇ ਇਸ ਦੀ ਇੱਕ ਪੂਰਵ ਆਸ਼ਾ ਹੈ, ਕਿ ਇਹ ਡਰ ਦਾ ਇੱਕ ਸਮਾਂ ਹੈ। ਮਸੀਹੀ **ਉਸ ਦਿਨ ਦੇ ਆਉਣ ਨੂੰ ਉਡੀਕਦੇ ਅਤੇ ਲੋਚਦੇ** ਹਨ। ਪਤਰਸ ਚਾਹੁੰਦਾ ਹੈ ਕਿ ਮਸੀਹੀ ਉਸ ਦਿਨ ਨੂੰ ਆਪਣੇ ਦਿਲਾਂ ਵਿਚ ਤਾਜ਼ਾ ਰੱਖਣ। ਉਨ੍ਹਾਂ ਨੂੰ ਉਸ ਉੱਤੇ ਵਿਚਾਰ ਕਰਨਾ ਸੀ, ਉਸ ਦੇ ਅਰਥ ਤੇ ਵਿਚਾਰ ਕਰਨਾ ਸੀ, ਅਤੇ ਆਪਣੇ ਜੀਵਨਾਂ ਨੂੰ ਉਸ ਦੇ ਅਨੁਸਾਰ ਚਲਾਉਣ। ਜ਼ਬੂਰਾਂ ਅਤੇ ਨਬੀਆਂ ਵਿਚ ਬੁੱਧੀਮਾਨ ਪ੍ਰਭੂ ਦੀ ਉਡੀਕ ਕਰਦੇ ਹਨ। ਉਹ ਜਾਣਦੇ ਹਨ ਕਿ ਉਹ ਆਪਣੇ ਸਮੇਂ ਤੇ ਆਪਣੇ ਤਰੀਕੇ ਦੇ ਨਾਲ ਕੰਮ ਕਰੇਗਾ। ਬੁੱਧੀਮਾਨ ਇਸ ਗੱਲ ਨੂੰ ਜਾਣ ਕੇ ਸੰਤੁਸ਼ਟ ਹਨ ਕਿ ਸੰਸਾਰ ਦੇ ਅਨਿਆਂ ਅਤੇ ਬੁਰਾਈ ਦਾ ਅੰਤ ਆ ਜਾਵੇਗਾ। "ਮੈਂ ਯਹੋਵਾਹ ਨੂੰ ਉਡੀਕਦਾ ਹਾਂ, ਮੇਰੀ ਜਾਨ ਵੀ ਉਡੀਕਦੀ ਹੈ, ਅਤੇ ਉਹ ਦੇ ਬਚਨ ਉੱਤੇ ਮੇਰੀ ਆਸਾ ਹੈ। ਜਿੰਨਾ ਪਹਿਰੇ ਵਾਲੇ ਸਵੇਰ ਨੂੰ, ਹਾਂ, ਜਿੰਨਾ ਪਹਿਰੇ ਵਾਲੇ ਸਵੇਰ ਨੂੰ, ਉੱਨਾ ਹੀ ਵੱਧ ਮੇਰੀ ਜਾਨ ਪ੍ਰਭੁ ਨੂੰ ਉਡੀਕਦੀ ਹੈ" (ਜ਼ਬੂਰਾਂ 130:5, 6)।

ਪਹਿਲਾਂ, ਪਤਰਸ ਨੇ ਕਿਹਾ ਸੀ ਕਿ ਪਰਮੇਸ਼ੁਰ ਨੇ ਇਸ ਕਾਰਨ ਨਿਆਂ ਨੂੰ ਰੋਕ ਛੱਡਿਆ ਹੈ ਕਿਉਂਕਿ ਉਹ ਤੁਹਾਡੇ ਨਾਲ ਧੀਰਜ ਕਰਦਾ ਹੈ ਕਿਉਂ ਜੋ ਉਹ ਨਹੀਂ ਚਾਹੁੰਦਾ ਹੈ ਭਈ ਕਿਸੇ ਦਾ ਨਾਸ ਹੋਵੇ ਸਗੋਂ ਸੱਭੇ ਤੋਬਾ ਵੱਲ ਮੁੜਨ (3:9)। ਤੋਬਾ ਅਤੇ ਧਰਮੀ ਜੀਵਨ ਦੇ ਦੁਆਰਾ, ਮਸੀਹੀ ਆਪਣੇ ਆਪ ਨੂੰ "ਪਰਮੇਸ਼ੁਰ ਦੇ ਦਿਨ" ਦੇ ਲਈ ਤਿਆਰ ਕਰਦੇ ਹਨ। ਜ਼ਾਹਿਰ ਤੌਰ ਤੇ, ਪਰਮੇਸ਼ੁਰ ਮਨੁੱਖੀ ਵਿਹਾਰ ਦਾ ਜਵਾਬ ਦਿੰਦਾ ਹੈ। ਕਿਸੇ ਹੱਦ ਤੱਕ ਪਰਮੇਸ਼ੁਰ ਦਾ ਪਰਲੋਕ ਸਿਧਾਂਤ ਵਿਸ਼ੇ ਨਿਆਂ ਮਨੁੱਖੀ ਅਜ਼ਾਦੀ ਦੇ ਅਭਿਆਸ ਦੀ ਇੱਕ ਪ੍ਰਤੀਕਿਰਿਆ ਹੋਵੇਗੀ। ਜਦੋਂ ਪ੍ਰਭੂ ਵਾਪਸ ਆਉਂਦਾ ਹੈ, ਜਦੋਂ ਉਹ ਨਿਆਂ ਕਰਦਾ ਹੈ, ਉਹ ਸੰਸਾਰ ਦੀ ਆਤਮਿਕ ਸਥਿਤੀ ਦੇ ਦੁਆਰਾ ਨਿਰਧਾਰਤ ਕੀਤਾ ਜਾਵੇਗਾ। ਪਤਰਸ ਨੇ ਸੁਚਿਤ ਕੀਤਾ ਹੈ ਕਿ ਜਦੋਂ ਉਹ ਤੋਬਾ ਦੇ ਲਈ ਕਾਫੀ ਸਮਾਂ ਪ੍ਰਦਾਨ ਕਰ ਚੁੱਕਾ ਹੋਵੇਗਾ ਅਤੇ ਜਦੋਂ ਮਸੀਹੀਆਂ ਨੇ ਆਪਣੇ ਆਪ ਨੂੰ ਤਿਆਰ ਕਰ ਲਿਆ ਹੋਵੇਗਾ ਉਸ ਸਮੇਂ ਪ੍ਰਭੂ ਆ ਜਾਵੇਗਾ। "ਪਰਮੇਸ਼ੁਰ ਦੇ ਦਿਨ ਨੂੰ ਲੋਚਣ ਦੇ ਦੁਆਰਾ" ਵਿਸ਼ਵਾਸੀ ਪਰਮੇਸ਼ੁਰ ਦੀ ਮਹਿਮਾ ਵਿਚ ਹਿੱਸਾ ਪਾ ਸਕਦੇ ਹਨ।

ਇਹ ਅਚਾਨਕ ਹੋਇਆ ਸੀ ਜਦੋਂ ਪਤਰਸ ਨੇ ਆਮ ਤੌਰ ਤੇ ਵਰਤੇ ਜਾਣ ਵਾਲੇ "ਪ੍ਰਭੂ ਦੇ ਦਿਨ" ਨੂੰ "ਪਰਮੇਸ਼ੁਰ ਦੇ ਦਿਨ" ਵਿਚ ਬਦਲ ਕਰ ਦਿੱਤਾ ਸੀ, ਪਰ ਇੱਥੇ ਇਸ ਗੱਲ ਦਾ ਕੋਈ ਸੁਝਾਅ ਨਹੀਂ ਦਿੱਤਾ ਗਿਆ ਹੈ ਕਿ ਉਸ ਦਾ ਅਰਥ ਕੁਝ ਹੋਰ ਸੀ। ਸ਼ਬਦਾਵਲੀ ਆਕਸਮਿਕ ਹੈ। ਇਸ ਕਾਰਨ ਇਹ ਸਾਡੇ ਦੁਆਰਾ ਧਿਆਨ ਦੇਣ ਦੀ ਹੋਰ ਵੀ ਮੰਗ ਕਰਦੀ ਹੈ। ਉਹ ਸ਼ਬਦ (παρουσία, *ਪਾਰੋਸੀਆ*) ਜਿਸ ਦਾ ਅਨੁਵਾਦ "ਆਉਣ ਨੂੰ" ਕੀਤਾ ਗਿਆ ਹੈ ਉਸ ਨੂੰ ਆਮ ਤੌਰ ਤੇ ਯਿਸੂ ਦੇ ਨਾਲ ਵਿਸ਼ੇ ਦੇ ਤੌਰ ਤੇ ਇਸਤੇਮਾਲ ਕੀਤਾ ਗਿਆ ਹੈ। ਬੇਸ਼ੱਕ,

"ਪਰਮੇਸ਼ੁਰ ਦੇ ਆਉਣ ਦਾ ਦਿਨ" ਅਤੇ 3:4 ਵਿਚ "ਉਹ ਦੇ ਆਉਣ ਦਾ ਕਰਾਰ" ਇੱਕੋ ਘਟਨਾ ਦਾ ਵਰਣਨ ਕਰਦੇ ਹਨ।

ਸਿਧਾਂਤਿਕ ਤੌਰ ਤੇ, ਬਹੁਤ ਸਾਰੇ ਤਰੀਕੇ ਹਨ ਜੋ ਧਰਤੀ ਦੇ ਅੰਤ ਨੂੰ ਲਿਆ ਸਕਦੇ ਹਨ। ਕਿਸੇ ਦੂਸਰੇ ਗ੍ਰਹਿ ਦਾ ਕੋਈ ਵਿਸ਼ਾਲ ਟੁੱਕੜਾ ਧਰਤੀ ਦੇ ਨਾਲ ਟਕਰਾ ਕੇ ਸਾਰੇ ਜ਼ਿੰਦਾ ਪ੍ਰਾਣੀਆਂ ਨੂੰ ਨਸ਼ਟ ਕਰ ਸਕਦਾ ਹੈ। ਪਰਮਾਣੂ ਹਥਿਆਰਾਂ ਦੇ ਢੇਰ ਸਾਰੇ ਭੰਡਾਰ ਇਕੱਠੇ ਹੋ ਰਹੇ ਹਨ ਜੋ ਮਨੁੱਖ ਨੇ ਖੁਦ ਆਪਣੀ ਧਰਤੀ ਦਾ ਸਰਬਨਾਸ ਕਰਨ ਦੇ ਲਈ ਬਣਾਏ ਹਨ। ਰੋਗ, ਬਦਲਦੇ ਹੋਏ ਵਾਤਾਵਰਣ ਦੀਆਂ ਹਾਲਤਾਂ, ਜਾਂ "ਕੁਦਰਤੀ" ਘਟਨਾਵਾਂ ਦੇ ਦਲ ਮਨੁੱਖੀ ਯੁੱਗ ਨੂੰ ਇੱਕ ਅੰਤ ਵੱਲ ਲੈ ਜਾ ਸਕਦੇ ਹਨ। ਪਤਰਸ ਨੇ ਇਸ ਗੱਲ ਨੂੰ ਸਪੱਸ਼ਟ ਕੀਤਾ ਕਿ ਧਰਤੀ ਦਾ ਅੰਤ ਕਿਸੇ ਅਣਜਾਣ ਕਿਸਮਤ ਦੇ ਖੇਡ ਦਾ ਸਿੱਟਾ ਨਹੀਂ ਹੋਵੇਗਾ। ਜਦੋਂ ਅੰਤ ਆਵੇਗਾ ਤਾਂ ਨਿਆਂ ਦਾ ਇੱਕ ਵਿਅਕਤੀਗਤ ਕੰਮ ਕੀਤਾ ਜਾਵੇਗਾ। ਜਦੋਂ ਮਨੁੱਖੀ ਯੁੱਗ ਦਾ ਅੰਤ ਹੋਵੇਗਾ ਤਾਂ ਇਹ ਇਸ ਲਈ ਹੋਵੇਗਾ ਕਿਉਂਕਿ ਪਰਮੇਸ਼ੁਰ ਨੇ ਇਸ ਨੂੰ ਅੰਤ ਤੱਕ ਲਿਆਂਦਾ ਹੋਵੇਗਾ।

ਕਿਉਂਕਿ "ਪਰਮੇਸ਼ੁਰ ਦਾ ਦਿਨ" ਆ ਜਾਵੇਗਾ, **ਅਕਾਸ਼ ਬਲ ਕੇ ਢਲ ਜਾਣਗੇ ਅਤੇ ਮੂਲ ਵਸਤਾਂ ਵੱਡੇ ਤਾਉ ਨਾਲ ਤਪ ਕੇ ਪੱਘਰ ਜਾਣਗੀਆਂ**। 3:7 ਵਿਚਲੇ "ਅਕਾਸ਼ ਅਤੇ ਧਰਤੀ" ਇਸ ਆਇਤ ਵਿਚਲੇ "ਅਕਾਸ਼" ਅਤੇ "ਮੂਲ ਵਸਤਾਂ" ਦੇ ਸਮਾਨ ਹੈ। ਪਤਰਸ ਦੇ ਸ਼ਬਦਾਂ ਦਾ ਭਾਵ ਇਹ ਹੈ ਕਿ ਕਿਸੇ ਦੇ ਵਾਸਤੇ ਇਹ ਸਮਝਣਾ ਕਿ ਪਾਪ ਇੱਕ ਮਾਮੂਲੀ ਗੱਲ ਹੈ। ਕੋਈ ਕਿਵੇਂ ਜੀਵਨ ਗੁਜ਼ਾਰਦਾ ਹੈ ਇਹ ਇੱਕ ਗੰਭੀਰ ਮਾਮਲਾ ਹੈ। ਪਰਮੇਸ਼ੁਰ ਇੱਕ ਪ੍ਰੇਮੀ ਪਿਤਾ ਹੈ; ਉਹ ਇੱਕ "ਭਸਮ ਕਰਨ ਵਾਲੀ ਅੱਗ" ਵੀ ਹੈ (ਬਿਵਸਥਾ ਸਾਰ 4:24; ਇਬਰਾਨੀਆਂ 12:29)। ਉਹ ਬੇਇਨਸਾਫ਼ੀ, ਹਿੰਸਾ, ਜ਼ੁਲਮ, ਜਾਂ ਹੋਰ ਕਿਸੇ ਵੀ ਸੰਸਾਰ ਦੀਆਂ ਬੁਰਾਈਆਂ ਵਿਚੋਂ ਕਿਸੇ ਨੂੰ ਵੀ ਅੱਖ ਨਹੀਂ ਝਪਕੇਗਾ ਅਤੇ ਉਸ ਨੂੰ ਨਜ਼ਰਅੰਦਾਜ਼ ਨਹੀਂ ਕਰਦਾ ਹੈ।

**ਆਇਤ 13.** ਯਸਾਯਾਹ ਦੇ ਦੁਆਰਾ, ਪਰਮੇਸ਼ੁਰ ਨੇ ਵਾਇਦਾ ਕੀਤਾ ਸੀ, "ਵੇਖੋ ਤਾਂ, ਮੈਂ ਨਵਾਂ ਅਕਾਸ਼ ਅਤੇ ਨਵੀਂ ਧਰਤੀ ਉਤਪੰਨ ਕਰਦਾ ਹਾਂ, ਅਤੇ ਪਹਿਲੀਆਂ ਚੀਜ਼ਾਂ ਚੇਤੇ ਨਾ ਆਉਣਗੀਆਂ ਨਾ ਮਨ ਉੱਤੇ ਹੀ ਚੜ੍ਹਨਗੀਆਂ" (ਯਸਾਯਾਹ 65:17)। ਨਬੀ ਇਸਰਾਈਲ ਦੇ ਪੁਨਰ-ਨਿਰਮਾਣ ਦੇ ਬਾਰੇ ਗੱਲ ਕਰ ਰਿਹਾ ਸੀ। ਪਤਰਸ ਨੇ ਯਸਾਯਾਹ ਵਿਚੋਂ ਇਹ ਸ਼ਬਦ ਉਧਾਰ ਲਏ ਅਤੇ ਇਨ੍ਹਾਂ ਬਚਾਏ ਹੋਇਆਂ ਦੇ ਲਈ ਅਨੰਤ ਜੀਵਨ ਦੇ ਵਿਸ਼ੇ ਵਿਚ ਬੋਲਣ ਦੇ ਲਈ ਢਾਲਿਆ। ਰਸੂਲ ਇਹ ਕਹਿਣ ਦੇ ਯੋਗ ਸੀ ਕਿ **ਨਵਾਂ ਅਕਾਸ਼ ਅਤੇ ਨਵੀਂ ਧਰਤੀ ਉਸ ਦੇ ਬਚਨ ਦੇ ਅਨੁਸਾਰ** ਹੋਵੇਗਾ। ਸ਼ਾਇਦ ਪਤਰਸ ਯਸਾਯਾਹ ਦੀ ਪੁਸਤਕ ਵਿਚਲੇ ਵਾਇਦੇ ਦਾ ਜ਼ਿਕਰ ਕਰ ਰਿਹਾ ਸੀ। ਹੋਰ ਸੰਭਾਵਨਾ ਹੈ ਕਿ ਉਹ ਕਿਸੇ ਹੋਰ ਅਣਜਾਣੇ ਵਾਇਦੇ ਦਾ ਜ਼ਿਕਰ ਕਰ ਰਿਹਾ ਸੀ ਜੋ ਯਿਸੂ ਨੇ ਰਸੂਲਾਂ ਨੂੰ ਦਿੱਤਾ ਸੀ। ਵੈਕਲਪਿਕ ਤੌਰ ਤੇ, ਸ਼ਾਇਦ ਪਵਿੱਤਰ ਆਤਮਾ ਨੇ ਪਤਰਸ ਤੇ ਕਿਸੇ ਨਵੇਂ ਅਕਾਸ਼ ਅਤੇ ਨਵੀਂ ਧਰਤੀ ਦੇ ਵਾਇਦੇ ਨੂੰ ਪਰਗਟ ਕੀਤਾ ਹੋ ਸਕਦਾ ਹੈ।

ਨਵਾਂ ਅਕਾਸ਼ ਅਤੇ ਨਵੀਂ ਧਰਤੀ ਬੇਅੰਤ ਕਲਪਨਾ ਦਾ ਵਿਸ਼ਾ ਰਿਹਾ ਹੈ। ਇਸ ਤੋਂ ਪਹਿਲਾਂ ਯਸਾਯਾਹ ਨੇ ਸ਼ਾਂਤੀ ਦੇ ਇੱਕ ਖ਼ੂਬਸੂਰਤ ਦ੍ਰਿਸ਼ ਦੀ ਪੇਸ਼ਕਸ਼ ਕੀਤੀ ਸੀ ਜਿੱਥੇ ਬਘਿਆੜ ਲੇਲੇ ਨਾਲ ਰਹੇਗਾ, ਅਤੇ ਚਿੱਤਾ ਮੇਮਣੇ ਨਾਲ ਬੈਠੇਗਾ, ਵੱਛਾ, ਜੁਆਨ ਸ਼ੇਰ ਤੇ ਪਾਲਤੂ ਪਸ਼ੂ ਇਕੱਠੇ ਰਹਿਣਗੇ (ਯਸਾਯਾਹ 11:6)। ਕੀ ਅਸੀਂ ਸਮਝ ਸਕਦੇ ਹਾਂ ਕਿ ਇਹ ਨਵੇਂ ਅਕਾਸ਼ ਅਤੇ ਨਵੀਂ ਧਰਤੀ ਦਾ ਇੱਕ ਸ਼ਾਬਦਿਕ ਵਿਵਰਣ ਹੋ ਸਕਦਾ ਹੈ? ਪਾਤਮੁਸ

ਵਿਚ ਆਪਣੇ ਦੇਸ਼ ਨਿਕਾਲੇ ਦੇ ਸਮੇਂ ਯੂਹੰਨਾ ਨੇ ਲਿਖਿਆ, "ਤਾਂ ਮੈਂ ਨਵਾਂ ਅਕਾਸ਼ ਅਤੇ ਨਵੀਂ ਧਰਤੀ ਵੇਖੀ ਕਿਉਂ ਜੋ ਪਹਿਲਾ ਅਕਾਸ਼ ਅਤੇ ਪਹਿਲੀ ਧਰਤੀ ਜਾਂਦੀ ਰਹੀ ਹੈ" (ਪਰਕਾਸ਼ 21:1)।

ਰਸੂਲ ਕਿਸ ਦੇ ਵਿਸ਼ੇ ਵਿਚ ਗੱਲ ਕਰ ਰਹੇ ਸਨ? ਕੀ ਇਹ ਨਵੀਂ ਧਰਤੀ ਉਹੀ ਗ੍ਰਹਿ ਹੋਵੇਗਾ ਜਿਸ ਉੱਤੇ ਹੁਣ ਲੋਕ ਰਹਿੰਦੇ ਹਨ? ਕੀ ਇਸੇ ਗ੍ਰਹਿ ਦਾ ਕਿਸੇ ਨਾ ਕਿਸੇ ਤਰੀਕੇ ਦੇ ਨਾਲ ਪਰਮੇਸ਼ੁਰ ਦੇ ਲੋਕਾਂ ਦੇ ਅਨੰਤ ਨਿਵਾਸ ਦੇ ਸਥਾਨ ਦੇ ਰੂਪ ਵਿਚ ਪੁਨਰ ਨਿਰਮਾਣ ਕੀਤਾ ਜਾਵੇਗਾ? ਸ਼ਾਇਦ ਨਹੀਂ। ਪਰ, ਇਹ ਉਲੇਖ ਯੋਗ ਹੈ ਕਿ ਪਰਕਾਸ਼ ਦੀ ਪੋਥੀ ਵਿਚ ਨਵਾਂ ਯਰੂਸ਼ਲਮ ਇਸ ਪ੍ਰਕਾਰ ਹੈ "ਪਰਮੇਸ਼ੁਰ ਦੇ ਕੋਲੋਂ ਅਕਾਸ਼ੋਂ ਉਤਰਦੀ ਨੂੰ ਵੇਖਿਆ" (ਪਰਕਾਸ਼ 21:2)। ਨਵਾਂ ਯਰੂਸ਼ਲਮ, ਜੋ ਬਚਾਏ ਗਏ ਲੋਕਾਂ ਦੇ ਅਨੰਤ ਨਿਵਾਸ ਦੇ ਸਥਾਨ ਨੂੰ ਦਰਸਾ ਸਕਦਾ ਹੈ, ਹੇਠਾਂ ਧਰਤੀ ਤੇ ਉੱਤਰਦਾ ਪ੍ਰਤੀਤ ਹੋ ਰਿਹਾ ਹੈ। ਫਿਰ ਵੀ, ਇਹ ਬਿੰਦੂ ਅਨਿਸ਼ਚਤ ਹੈ, ਅਤੇ ਸਾਨੂੰ ਜ਼ਰੂਰ ਇਸ ਗੱਲ ਦੇ ਲਈ ਸਾਵਧਾਨ ਹੋਣਾ ਚਾਹੀਦਾ ਹੈ ਕਿ ਸਾਨੂੰ ਪਰਕਾਸ਼ ਦੀ ਪੋਥੀ ਦੀ ਵਿਆਖਿਆ ਕਿਸ ਪ੍ਰਕਾਰ ਕਰਨੀ ਚਾਹੀਦੀ ਹੈ।

ਪਤਰਸ ਨੇ ਪਹਿਲਾਂ ਤੋਂ ਹੀ ਇਸ ਯੁੱਗ ਅਤੇ ਆਉਣ ਵਾਲੇ ਯੁੱਗ ਦੇ ਵਿਚਕਾਰ ਇੱਕ ਕੱਟੜਪੰਥੀ ਅਨਿਰੰਤਰਤਾ ਨੂੰ ਕਿਹ ਦਿੱਤਾ ਸੀ। "ਅਕਾਸ਼ ਸਰਨਾਟੇ ਨਾਲ ਜਾਂਦੇ ਰਹਿਣਗੇ," ਉਸ ਨੇ ਲਿਖਿਆ, "ਅਤੇ ਮੂਲ ਵਸਤਾਂ ਵੱਡੇ ਤਾਉ ਨਾਲ ਤਪ ਕੇ ਢਲ ਜਾਣਗੀਆਂ" (3:10)। ਕੀ ਹੁਣ ਰਸੂਲ ਇਹ ਕਹਿ ਰਿਹਾ ਹੈ ਕਿ ਨਵੇਂ ਅਤੇ ਪੁਰਾਣੇ ਦੇ ਵਿਚਕਾਰ ਕੁਝ ਨਿਰੰਤਰਤਾ ਹੋਵੇਗੀ? ਕੀ ਸਵਰਗ ਦਾ ਧਰਤੀ ਵਰਗਾ ਵਜੂਦ ਹੋ ਜਾਵੇਗਾ, ਪਰ ਉਸ ਵਿਚ ਪਾਪ ਅਤੇ ਦੁੱਖ ਨਹੀਂ ਜੋ ਵਰਤਮਾਨ ਮਨੁੱਖ ਜਾਤੀ ਨੂੰ ਕਸ਼ਟ ਦਿੰਦੇ ਹਨ? ਇਹ ਇੱਕ ਸੰਭਾਵਨਾ ਹੈ, ਪਰ ਸ਼ਾਇਦ ਪਤਰਸ ਦਾ ਅਰਥ ਕਿਸੇ ਅਜਿਹੀ ਗੱਲ ਦਾ ਸੰਕੇਤ ਦੇਣਾ ਨਹੀਂ ਹੈ। ਸ਼ਾਇਦ ਉਹ ਸਿਰਫ ਵਿਸ਼ਵਾਸੀਆਂ ਨੂੰ ਭਰੋਸਾ ਦਿਵਾਉਣਾ ਚਾਹੁੰਦਾ ਹੈ ਕਿ ਪਰਮੇਸ਼ੁਰ ਨੇ ਉਨ੍ਹਾਂ ਦੇ ਰਹਿਣ ਦੇ ਲਈ ਪ੍ਰਬੰਧ ਕੀਤਾ ਹੈ ਜਿੱਥੇ ਉਹ ਉਸ ਦੇ ਨਾਲ ਅਨੰਤਕਾਲ ਤੱਕ ਵਾਸ ਕਰਨਾ ਚਾਹੁੰਦਾ ਹੈ। ਸ਼ਾਇਦ "ਨਵੇਂ ਅਕਾਸ਼ ਅਤੇ ਨਵੀਂ ਧਰਤੀ" ਦਾ ਅਰਥ ਹੈ ਕਿ ਬਚਾਏ ਹੋਏ ਲੋਕ ਕਿਤੇ ਰਹਿਣਗੇ। ਅਨੰਤ ਜੀਵਨ ਕੋਈ ਹਨੇਰੇ, ਅਤੇ ਦੁੱਖ ਦਾ ਸਥਾਨ ਨਹੀਂ ਹੋਵੇਗਾ ਜਿੱਥੇ ਕੋਈ ਰੌਸ਼ਨੀ ਜਾਂ ਖੁਸ਼ੀ ਨਹੀਂ ਹੋਵੇਗੀ। ਪਰਮੇਸ਼ੁਰ ਨੇ ਪ੍ਰਬੰਧ ਕੀਤਾ ਹੈ। ਇਹ ਅਨੰਤ ਵਜੂਦ ਦੀ ਪ੍ਰਕ੍ਰਿਤੀ ਦੇ ਵਿਸ਼ੇ ਵਿਚ ਅੱਗੇ ਕਿਸੇ ਕਲਪਨਾ ਦੇ ਨਾਲ ਨਹੀਂ ਹੈ ਕਿ ਪਤਰਸ ਨੇ ਅਨੰਤ ਜੀਵਨ ਦੇ ਭਰੋਸੇ ਦੀ ਪੇਸ਼ਕਸ਼ ਕੀਤੀ ਹੋਵੇ।

## ਜਤਨ ਕਰਨ ਦੇ ਲਈ ਇੱਕ ਬੁਲਾਹਟ (3:14-16)

**14ਇਸ ਲਈ ਹੇ ਪਿਆਰਿਓ, ਜਦੋਂ ਤੁਸੀਂ ਇਨ੍ਹਾਂ ਗੱਲਾਂ ਦੀ ਉਡੀਕ ਕਰਦੇ ਹੋ ਤਾਂ ਜਤਨ ਕਰੋ ਭਈ ਤੁਸੀਂ ਸ਼ਾਂਤੀ ਨਾਲ ਉਹ ਦੇ ਅੱਗੇ ਨਿਰਮਲ ਅਤੇ ਨਿਹਕਲੰਕ ਠਹਿਰੋ।**
**15ਅਤੇ ਸਾਡੇ ਪ੍ਰਭੂ ਦੀ ਧੀਰਜ ਨੂੰ ਮੁਕਤੀ ਸਮਝੋ ਜਿਵੇਂ ਸਾਡੇ ਪਿਆਰੇ ਭਾਈ ਪੌਲੁਸ ਨੇ ਵੀ ਓਸ ਗਿਆਨ ਦੇ ਅਨੁਸਾਰ ਜੋ ਉਹ ਨੂੰ ਦਾਨ ਹੋਇਆ ਤੁਹਾਨੂੰ ਲਿਖਿਆ ਸੀ। 16ਜਿਵੇਂ ਓਨ ਆਪਣੀਆਂ ਸਾਰੀਆਂ ਪੱਤ੍ਰੀਆਂ ਵਿੱਚ ਉਨ੍ਹਾਂ ਦੇ ਵਿਖੇ ਲਿਖਿਆ ਹੈ ਅਤੇ ਉਨ੍ਹਾਂ ਵਿੱਚ ਕਈਆਂ ਗੱਲਾਂ ਦਾ ਸਾਹਮਣਾ ਔਖਾ ਹੈ ਜਿਨ੍ਹਾਂ ਨੂੰ ਕਚਘਰੜ ਅਤੇ ਡੋਲਣ ਵਾਲੇ ਲੋਕ ਆਪਣੀ ਬਰਬਾਦੀ ਲਈ ਮਰੋੜਦੇ ਹਨ ਜਿਵੇਂ ਓਹ ਹੋਰਨਾਂ ਲਿਖਤਾਂ ਨੂੰ ਭੀ ਕਰਦੇ ਹਨ।**

ਜਿਵੇਂ ਉਸ ਨੇ ਪੱਤ੍ਰੀ ਨੂੰ ਸਮਾਪਤ ਕੀਤਾ, ਤਾਂ ਪਤਰਸ ਨੇ ਆਪਣੇ ਮਸੀਹੀ ਮਿੱਤਰਾਂ ਅੱਗੇ ਬੇਨਤੀ ਕੀਤੀ ਕਿ ਉਹ ਉਤਸੁਕਤਾ ਦੇ ਨਾਲ ਆਪਣੇ ਧਰਮੀ ਜੀਵਨ ਵਿਚ ਅੱਗੇ ਵੱਧਣ। ਮਸੀਹ ਨੂੰ ਕਬੂਲ ਕਰਨਾ ਇੱਕ ਗੱਲ ਹੈ; ਅਤੇ ਵਿਸ਼ਵਾਸਯੋਗਤਾ ਦੇ ਨਾਲ ਚੱਲਣਾ ਦੂਸਰੀ ਗੱਲ ਹੈ। ਰਸੂਲ ਨੂੰ ਆਪਣੇ ਪਾਠਕਾਂ ਦੀ ਆਤਮਿਕ ਭਲਾਈ ਦੇ ਲਈ ਦੋ ਚਿੰਤਾਵਾਂ ਸਨ। ਪਹਿਲੀ, ਭੋਗ ਵਿਲਾਸ ਦੇ ਵਿਸ਼ੇ ਵਿਚ ਅਪੀਲ ਸੀ ਜੋ ਕਾਫੀ ਮਜ਼ਬੂਤ ਸੀ ਇੱਥੋਂ ਤੱਕ ਕਿ ਉਨ੍ਹਾਂ ਲੋਕਾਂ ਦੇ ਲਈ ਵੀ ਜਿਨ੍ਹਾਂ ਨੇ ਅਜਿਹੇ ਵਿਹਾਰ ਤੋਂ ਇਨਕਾਰ ਨਹੀਂ ਕੀਤਾ ਸੀ। ਇਹ ਸਰੀਰ ਦੀ ਇੱਛਾ ਦੀ ਮੰਗ ਨੂੰ ਰੋਕਣ ਲਈ ਹੋਰ ਵੀ ਮੁਸ਼ਕਲ ਸੀ ਜਦੋਂ ਝੂਠੇ ਗੁਰੂਆਂ ਨੇ ਇਸ ਦੀ ਪਹਿਚਾਣ ਆਤਮਿਕ ਦਾਨਾਂ ਦੇ ਨਾਲ ਕਰਵਾ ਕੇ ਇਸ ਨੂੰ ਉਚਿਤ ਠਹਿਰਾਇਆ ਸੀ। ਪਤਰਸ ਦੇ ਪਾਠਕਾਂ ਨੂੰ ਅਜਿਹੇ ਲੋਕਾਂ ਦੇ ਦੁਆਰਾ ਪ੍ਰਭਾਵਿਤ ਕੀਤਾ ਜਾ ਰਿਹਾ ਸੀ ਜੋ ਇਹ ਕਹਿੰਦੇ ਸਨ ਕਿ ਪਰਮੇਸ਼ੁਰ ਦੇ ਨਾਲ ਸੰਬੰਧ ਸੰਸਾਰਿਕ ਭੋਗ ਵਿਲਾਸ ਦੇ ਨਾਲ ਪ੍ਰਭਾਵਿਤ ਨਹੀਂ ਹੁੰਦਾ ਸੀ। ਰਸੂਲ ਨੇ ਤਰਕ ਦਿੱਤਾ ਕਿ ਅਜਿਹਾ ਵਿਹਾਰ, ਉਨ੍ਹਾਂ ਨੂੰ ਪਰਮੇਸ਼ੁਰ ਤੋਂ ਵੱਖਰਾ ਕਰ ਦੇਵੇਗਾ।

ਕਲੀਸੀਆ ਇੱਕ ਇਕਰਾਰ ਕਰਨ ਵਾਲਾ ਸਮਾਜ ਹੈ। ਮਸੀਹੀ ਲੋਕ ਉਨ੍ਹਾਂ ਵਿਸ਼ਵਾਸਾਂ ਦੇ ਵਿਚ ਬੱਧੇ ਹੋਏ ਹਨ ਜੋ ਉਨ੍ਹਾਂ ਨੇ ਸਧਾਰਣ ਤੌਰ ਤੇ ਆਪਸ ਵਿਚ ਫੜੇ ਹੋਏ ਹਨ। ਪਤਰਸ ਦੀ ਦੂਜੀ ਚਿੰਤਾ ਉਹ ਝੂਠੇ ਗੁਰੂ ਸਨ ਜੋ ਮਸੀਹੀਆਂ ਦੇ ਵਿਸ਼ਵਾਸ ਨੂੰ ਕਮਜ਼ੋਰ ਕਰ ਰਹੇ ਸਨ। ਡਾਕਟ੍ਰਿਨ ਵਿਹਾਰ ਦੇ ਨਾਲ ਸੰਬੰਧ ਨਹੀਂ ਰੱਖਦੀ ਹੈ। ਮਸੀਹੀ ਡਾਕਟ੍ਰਿਨ ਦਾ ਕਹਿਣਾ ਹੈ ਕਿ ਪ੍ਰਭੂ ਯਿਸੂ ਮਸੀਹ "ਮੁਕਤੀ ਲਈ ਦੂਈ ਵਾਰ ਪਰਗਟ ਹੋਵੇਗਾ" (ਇਬਰਾਨੀਆਂ 9:28)। ਪਵਿੱਤਰ ਜੀਵਨ ਦੇ ਲਈ ਪਰਮੇਸ਼ੁਰ ਦੀ ਮੰਗ ਨੂੰ ਇਸ ਭਰੋਸੇ ਦੇ ਦੁਆਰਾ ਮਜ਼ਬੂਤ ਕੀਤਾ ਜਾ ਸਕਦਾ ਹੈ ਕਿ ਜਿਵੇਂ ਯਿਸੂ ਇੱਕ ਵਾਰ ਸਰੀਰ ਵਿਚ ਆਇਆ ਸੀ, ਉਸੇ ਤਰ੍ਹਾਂ ਉਹ ਦੁਬਾਰਾ ਨਿਆਂ ਕਰਨ ਦੇ ਲਈ ਆਵੇਗਾ। ਇਹੀ ਉਹ ਵਿਚਾਰ ਸੀ ਜਿਸ ਨੂੰ ਪਤਰਸ ਆਪਣੀ ਪੱਤ੍ਰੀ ਨੂੰ ਸਮਾਪਤ ਕਰਨ ਦੇ ਨਾਲ ਨਾਲ ਆਪਣੇ ਪਾਠਕਾਂ ਦੇ ਲਈ ਛੱਡਣਾ ਚਾਹੁੰਦਾ ਸੀ।

**ਆਇਤ 14.** ਰਸੂਲ ਨੇ ਆਪਣੇ ਸੰਗੀ ਵਿਸ਼ਵਾਸੀਆਂ ਨੂੰ ਆਪਣੇ **ਪਿਆਰਿਓ** ਕਹਿਣ ਦੇ ਦੁਆਰਾ ਆਪਣੇ ਪ੍ਰੇਮ ਨੂੰ ਪਰਗਟ ਕੀਤਾ। ਇਸ ਅਧਿਆਇ ਵਿਚ ਉਸ ਨੇ ਚਾਰ ਵਾਰ ਇਸ ਸ਼ਬਦ ਦਾ ਇਸਤੇਮਾਲ ਕੀਤਾ ਹੈ (3:1, 8, 14, 17)। ਕੋਈ ਸ਼ੱਕ ਕਰਦਾ ਹੈ ਕਿ ਪਤਰਸ ਨੇ ਇਸ ਪਿਆਰੇ ਸ਼ਬਦ ਨੂੰ ਇਸ ਲਈ ਲਿਆ ਹੈ ਕਿ ਉਹ ਇਸ ਗੱਲ ਨੂੰ ਸਪੱਸ਼ਟ ਕਰ ਸਕੇ ਕਿ ਉਸ ਦੀ ਚੇਤਾਵਨੀ ਦਾ ਮਤਲਬ ਕਿਸੇ ਤੇ ਕੋਈ ਦੋਸ਼ ਲਾਉਣਾ ਨਹੀਂ ਹੈ। ਉਹ **ਨਿਰਮਲ ਅਤੇ ਨਿਹਕਲੰਕ** ਜੀਵਨ ਜੀਉਣ ਵਿਚ ਅਸਫਲ ਰਹਿਣ ਦੇ ਕਾਰਨ ਉਨ੍ਹਾਂ ਉੱਤੇ ਦੋਸ਼ ਨਹੀਂ ਲਗਾ ਰਿਹਾ ਸੀ। ਉਹ ਉਨ੍ਹਾਂ ਦੇ ਇਰਾਦੇ ਨੂੰ ਮਜ਼ਬੂਤ ਕਰ ਰਿਹਾ ਸੀ, ਉਹ ਉਨ੍ਹਾਂ ਨੂੰ ਚੇਤੇ ਕਰਾ ਕੇ ਉਨ੍ਹਾਂ ਦੇ ਸਾਫ਼ ਮਨਾਂ ਨੂੰ ਪਰੇਰ ਰਹਾ ਸੀ (3:1)। ਮਸੀਹੀਆਂ ਨੂੰ ਉਨ੍ਹਾਂ ਦੇ ਪ੍ਰਭੂ ਦੀ ਰੀਸ ਕਰਨੀ ਚਾਹੀਦੀ ਸੀ। 1 ਪਤਰਸ 1:19, ਰਸੂਲ ਨੇ ਯਿਸੂ ਦੇ ਲਹੂ ਵੱਲ ਇਸ਼ਾਰਾ ਕੀਤਾ, ਅਤੇ ਫਿਰ ਕਿਹਾ ਕਿ ਪ੍ਰਭੂ ਇੱਕ ਲੇਲੇ ਦੀ ਨਿਆਈਂ "ਨਿਹਕਲੰਕ ਅਤੇ ਬੇਦਾਗ" (ἀμώμου καὶ ἀσπίλου, *ਅਮੋਮੂ ਕਾਏ ਆਸਪਿਲੋ* ) ਸੀ, ਉਸ ਨੇ ਪਵਿੱਤਰ ਜੀਵਨ ਦੇ ਲਈ ਅਪੀਲ ਕਰਨ ਦੇ ਲਈ ਉਹੀ ਸ਼ਬਦ ਇਸਤੇਮਾਲ ਕੀਤੇ।[10] ਜੋ ਲੋਕ ਯਿਸੂ ਦੇ ਨਾਮ ਨੂੰ ਧਾਰਣ ਕਰਦੇ ਹਨ ਉਹ ਉਸ ਦੀ ਉਦਾਹਰਣ ਤੋਂ ਪਵਿੱਤਰ ਜੀਵਨ ਜੀਉਣ ਦੀ ਪ੍ਰੇਰਣਾ ਪ੍ਰਾਪਤ ਕਰਦੇ ਹਨ।

ਮਸੀਹੀ ਧਰਮ ਸ਼ਾਸਤਰ ਮਸੀਹੀ ਵਿਹਾਰ ਦੇ ਨਾਲ ਅਭਿੰਨ ਰੂਪ ਦੇ ਨਾਲ ਬੱਝਾ

ਹੋਇਆ ਹੈ। ਇਹ ਦਾਅਵਾ ਕਿ ਯਿਸੂ ਹੀ ਮਸੀਹ ਹੈ, ਪਰਮੇਸ਼ੁਰ ਦਾ ਅਵਤਾਰ, ਇਸ ਗੱਲ ਨੂੰ ਦ੍ਰਿੜ੍ਹ ਕਰਦਾ ਹੈ ਕਿ ਮਨੁੱਖੀ ਜੀਵਨ ਦੀ ਸ਼ਾਨ ਅਤੇ ਮਹੱਤਤਾ ਹੈ। ਇਸਰਾਈਲ ਜਾਤੀ ਨੂੰ ਮੂਸਾ ਦੇ ਸ਼ਬਦ ਪੂਰੀ ਤਰ੍ਹਾਂ ਦੇ ਨਾਲ ਪਤਰਸ ਤੋਂ ਵੱਖਰੇ ਨਹੀਂ ਸਨ। “ਏਸ ਦਿਨ ਨੂੰ ਜਾਣੋ,” ਸ਼ਰਾ ਦੇਣ ਵਾਲੇ ਨੇ ਕਿਹਾ, “ਏਸ ਦਿਨ ਨੂੰ ਜਾਣੋ ਅਤੇ ਆਪਣੇ ਹਿਰਦਿਆਂ ਵਿੱਚ ਰੱਖੋ ਭਈ ਯਹੋਵਾਹ ਹੀ ਉੱਤੇ ਅਕਾਸ਼ ਵਿੱਚ ਅਤੇ ਹੇਠਾਂ ਧਰਤੀ ਉੱਤੇ ਪਰਮੇਸ਼ੁਰ ਹੈ। ਹੋਰ ਕੋਈ ਹੈ ਨਹੀਂ” (ਬਿਵਸਥਾ ਸਾਰ 4:39)।

ਮੂਸਾ ਅਤੇ ਪਤਰਸ ਦੋਵਾਂ ਦੇ ਲਈ, ਮਨੁੱਖੀ ਇਤਿਹਾਸ ਭੌਤਿਕ ਕਾਇਨਾਤ ਦੇ ਪਹੀਏ ਦਾ ਸਿਰਫ ਇੱਕ ਦੰਦਾ ਨਹੀਂ ਸੀ, ਜੋ ਇੱਥੇ ਕਿਸਮਤ ਦੀਆਂ ਘਟਨਾਵਾਂ ਨਾਲ, ਅਣਜਾਣਪੁਣ ਦੇ ਸੰਯੋਗ ਨਾਲ ਸਮਾਪਤ ਹੋ ਰਿਹਾ ਹੋਵੇ। ਮਨੁੱਖਾਂ ਦੀ ਨੈਤਿਕਤਾ ਮਹੱਤਵਪੂਰਣ ਹੈ। ਇਹ ਇਸ ਲਈ ਮਹੱਤਵਪੂਰਣ ਹੈ ਕਿਉਂਕਿ ਉਹ ਜੋ ਸਵਰਗ ਅਤੇ ਧਰਤੀ ਦਾ ਪਰਮੇਸ਼ੁਰ ਹੈ “ਨਵੇਂ ਅਕਾਸ਼ ਅਤੇ ਨਵੀਂ ਧਰਤੀ ਦੀ ਰਚਨਾ ਕਰ ਰਿਹਾ ਹੈ, ਜਿਨ੍ਹਾਂ ਵਿੱਚ ਧਰਮ ਵੱਸਦਾ ਹੈ।” ਪਵਿੱਤਰ ਲੋਕ ਬਣਨ ਦੀ ਚੇਤਾਵਨੀ ਪ੍ਰਭਾਵ ਪੂਰਣ ਹੈ **ਜਦੋਂ ਤੁਸੀਂ ਇਨ੍ਹਾਂ ਗੱਲਾਂ ਦੀ ਉਡੀਕ ਕਰਦੇ ਹੋ**। ਸਵਰਗ ਨਰਕ ਦਾ ਸਿਧਾਂਤ ਮਸੀਹੀ ਡਾਕਟ੍ਰਿਨ ਦੀ ਇੱਕ ਮਹੱਤਵਪੂਰਣ ਵਿਸ਼ੇਸ਼ਤਾ ਹੈ। ਇਤਿਹਾਸ ਅਤੇ ਸਮਾਂ ਖਾਤਮੇ ਵੱਲ ਵੱਧ ਰਹੇ ਹਨ। ਕੋਈ ਵੀ ਮਨੁੱਖ ਜਿਸ ਨੇ ਯਿਸੂ ਨੂੰ ਮਸੀਹ ਦੇ ਰੂਪ ਵਿਚ ਕਬੂਲ ਕੀਤਾ ਹੈ ਉਹ ਆਪਣੀਆਂ ਨੈਤਿਕ ਚੋਣਾਂ ਵਿਚ ਅਸਾਵਧਾਨ ਨਹੀਂ ਰਹਿ ਸਕਦਾ ਹੈ। ਇਸੇ ਕਾਰਨ, ਪਤਰਸ ਨੇ ਚੇਤਾਵਨੀ ਦਿੱਤੀ, **ਸ਼ਾਂਤੀ ਨਾਲ ਉਹ ਦੇ ਅੱਗੇ ਨਿਰਮਲ ਅਤੇ ਨਿਹਕਲੰਕ ਠਹਿਰੋ।**

“ਸ਼ਾਂਤੀ ਨਾਲ” ਵਾਕ ਦਾ ਜੋੜਿਆ ਜਾਣਾ ਸ਼ਾਇਦ ਹੀ ਆਕਸਮਿਕ ਹੋ ਸਕਦਾ ਹੈ। ਸਿਰਫ ਇਸ ਸਥਾਨ ਤੇ ਹੀ ਇਸ ਸ਼ਬਦ ਨੂੰ ਪੱਤ੍ਰੀ ਵਿਚ ਇਸਤੇਮਾਲ ਕੀਤਾ ਗਿਆ ਹੈ। ਜਦੋਂ ਪ੍ਰਭੂ ਆਵੇਗਾ, ਪਤਰਸ ਆਸ ਕਰਦਾ ਹੈ ਕਿ ਉਹ ਖੁਦ ਅਤੇ ਉਸ ਦੇ ਪਾਠਕ ਪਰਮੇਸ਼ੁਰ ਦੇ ਸਾਹਮਣੇ ਨਿਰਦੋਸ਼ ਖੜ੍ਹੇ ਹੋਣਗੇ। “ਸ਼ਾਂਤੀ ਨਾਲ” ਦਾ ਅਰਥ ਹੈ “ਬਚਾਏ ਹੋਏ,” ਪਰ ਇਹ ਸੰਭਾਵਨਾ ਹੈ ਕਿ ਇਸ ਦਾ ਹੋਰ ਵੀ ਕੁਝ ਅਰਥ ਨਿਕਲਦਾ ਹੈ। ਜੀਵਨ ਵਿਚ ਪਰਮੇਸ਼ੁਰ ਦੇ ਨਾਲ ਸ਼ਾਂਤੀ ਦਾ ਸਿੱਟਾ ਭਾਈਆਂ ਅਤੇ ਭੈਣਾਂ ਦੇ ਨਾਲ ਵੀ ਸ਼ਾਂਤੀ ਦਾ ਵਰਣਨ ਕਰਦਾ ਹੈ। ਮਸੀਹ ਦੇ ਵਿਚ ਇੱਕ ਵਿਅਕਤੀ ਕਲੀਸੀਆ ਵਿਚ ਇੱਕ ਅਹਿਸਾਸ ਕੀਤੀ ਜਾ ਸਕਣ ਵਾਲੀ ਸ਼ਾਂਤੀ ਦੇ ਨਾਲ ਚੱਲਦਾ ਹੈ, ਧਰਤੀ ਉੱਤੇ ਉਸ ਦਾ ਰਾਜ, ਧਰਤੀ ਦੇ ਉੱਤੇ ਇੱਕ ਨਵੇਂ ਅਕਾਸ਼ ਅਤੇ ਇੱਕ ਨਵੀਂ ਧਰਤੀ ਦੀ ਸ਼ਾਂਤੀ ਦਾ ਅਹਿਸਾਸ ਕਰਨਾ ਹੁੰਦਾ ਹੈ।

**ਆਇਤ 15.** ਇੱਥੋਂ ਤੱਕ ਕਿ ਉਨ੍ਹਾਂ ਲੋਕਾਂ ਦੇ ਵੀ ਜੋ ਪਰਮੇਸ਼ੁਰ ਤੇ ਭਰੋਸਾ ਰੱਖਦੇ ਹਨ ਉਸ ਦਾ ਉਸ ਕੰਮ ਨੂੰ ਕਰਨ ਵਿਚ ਜੋ ਉਸ ਨੇ ਕਿਹਾ ਹੈ ਕਿ ਉਹ ਆਪਣੇ ਖ਼ੁਦ ਦੇ ਚੰਗੇ ਸਮੇਂ ਵਿਚ ਕਰੇਗਾ ਇੰਤਜ਼ਾਰ ਕਰਨਾ ਮੁਸ਼ਕਲ ਹੈ। ਝੂਠੇ ਗੁਰੂਆਂ ਨੇ ਉਸ ਗੱਲ ਦਾ ਫਾਇਦਾ ਚੁੱਕਿਆ। ਉਨ੍ਹਾਂ ਨੇ ਕਿਹਾ, “ਉਹ ਦੇ ਆਉਣ ਦੇ ਕਰਾਰ ਦਾ ਕੀ ਪਤਾ ਹੈ?” (3:4)। ਝੂਠੇ ਗੁਰੂਆਂ ਦੀ ਵਿਆਖਿਆ ਸੀ ਕੇ ਰਸੂਲਾਂ ਦੀ ਸਿੱਖਿਆ ਗਲਤ ਸੀ। ਕੋਈ ਆਮਦ ਨਹੀਂ ਹੋਣੀ ਸੀ, ਘੱਟੋ ਘੱਟ ਕੋਈ ਅਸਲੀ ਆਮਦ ਨਹੀਂ ਹੋਣੀ ਸੀ। ਪਤਰਸ ਦੀ ਵਿਆਖਿਆ ਅਲੱਗ ਤਰੀਕੇ ਦੇ ਨਾਲ ਕੀਤੀ ਗਈ ਸੀ। ਰਸੂਲ ਨੇ ਕਿਹਾ ਕਿ ਜੇਕਰ ਪਰਮੇਸ਼ੁਰ ਦੇਰ ਲਾ ਰਿਹਾ ਸੀ, ਤਾਂ ਇਹ ਇਸ ਲਈ ਸੀ ਕਿਉਂਕਿ ਉਹ “ਤੁਹਾਡੇ ਨਾਲ ਧੀਰਜ ਕਰਦਾ ਹੈ ਕਿਉਂ ਜੋ ਉਹ ਨਹੀਂ ਚਾਹੁੰਦਾ ਹੈ ਭਈ ਕਿਸੇ ਦਾ ਨਾਸ ਹੋਵੇ ਸਗੋਂ ਸੱਭੇ ਤੋਬਾ ਵੱਲ ਮੁੜਨ” (3:9)। ਫਿਰ ਉਸ ਨੇ ਉਸ ਵਿਚਾਰ ਵਿਚ ਆਇਤ 14 ਨੂੰ ਜੋੜਿਆ। ਪਤਰਸ ਨੇ ਕਿਹਾ ਕਿ ਮਸੀਹੀਆਂ ਨੂੰ

ਹਰ ਉਸ ਦਿਨ ਦੇ ਲਈ ਜੋ ਮਸੀਹ ਦੀ ਆਮਦ ਤੋਂ ਬਿਨਾਂ ਗੁਜ਼ਰਦਾ ਹੈ ਪਰਮੇਸ਼ੁਰ ਦੇ ਵੱਲ ਧੰਨਵਾਦੀ ਮਨ ਦੇ ਨਾਲ ਤੱਕਦੇ ਰਹਿਣਾ ਚਾਹੀਦਾ ਹੈ। ਉਹ ਧੰਨਵਾਦ ਕਰਦੇ ਹੋਏ ਉਸ ਵੱਲ ਤੱਕਦੇ ਰਹਿਣ ਭਾਵੇਂ ਨਿਆਂ ਅਤੇ ਅਨੰਤਤਾ ਵਿਚ ਦੇਰੀ ਹੋ ਸਕਦੀ ਹੈ। ਉਸ ਦੀ ਦੇਰੀ ਦਾ ਅਰਥ ਹੈ ਕਿ ਉਸ ਦਾ ਧੀਰਜ ਅਜੇ ਵੀ ਕੰਮ ਕਰ ਰਿਹਾ ਹੈ। ਵਿਸ਼ਵਾਸੀ ਲੋਕ **ਸਾਡੇ ਪ੍ਰਭੂ ਦੀ ਧੀਰਜ ਨੂੰ ਮੁਕਤੀ** ਸਮਝਣ। ਇਸ ਦਾ ਅਰਥ ਹੈ ਇੱਕ ਵੱਡੀ ਸੰਖਿਆ ਦੇ ਵਿਚ "ਮੁਕਤੀ" ਕਿਉਂਕਿ ਪਰਮੇਸ਼ੁਰ ਉਨ੍ਹਾਂ ਨੂੰ ਤੋਬਾ ਦੇ ਲਈ ਮੌਕਾ ਦੇ ਰਿਹਾ ਹੈ। ਜਦੋਂ "ਉਸ ਦੀ ਆਮਦ" ਪੂਰੀ ਤਰ੍ਹਾਂ ਜਾਣ ਲਈ ਜਾਵੇਗੀ, ਤਾਂ "ਮੁਕਤੀ" ਦਾ ਦਰਵਾਜ਼ਾ ਬੰਦ ਹੋ ਜਾਵੇਗਾ।

ਇਸ ਹਵਾਲੇ ਵਿਚ, ਪਤਰਸ ਨੇ ਪੌਲੁਸ ਦੀਆਂ ਪੱਤ੍ਰੀਆਂ ਵੱਲ ਇਸ਼ਾਰਾ ਕੀਤਾ ਸੀ। ਪੌਲੁਸ ਦੇ ਆਪਣੇ ਸੰਕੇਤਾਂ ਤੋਂ ਇਲਾਵਾ ਜੋ ਉਸ ਨੇ ਲਿਖੇ ਸਨ, ਨਵੇਂ ਨੇਮ ਵਿਚ ਸਿਰਫ ਇਹੋ ਇੱਕ ਹਵਾਲਾ ਹੈ ਜੋ ਪੌਲੁਸ ਦਾ ਪੱਤ੍ਰੀਆਂ ਦਾ ਲੇਖਕ ਦੇ ਰੂਪ ਵਿਚ ਉਲੇਖ ਕਰਦਾ ਹੈ। ਖਾਸ ਤੌਰ ਤੇ ਇਹ ਕਮਾਲ ਦੀ ਗੱਲ ਹੈ ਕਿ ਰਸੂਲਾਂ ਦੇ ਕਰਤੱਬ ਵਿਚ ਅਜਿਹਾ ਕੋਈ ਹਵਾਲਾ ਨਹੀਂ ਹੈ। ਪੌਲੁਸ ਦੀਆਂ ਪੱਤ੍ਰੀਆਂ ਕਲੀਸੀਆ ਦੇ ਇਤਿਹਾਸ ਵਿਚ ਇੰਨੀ ਵਿਸ਼ਾਲਤਾ ਨਾਲ ਛਾਏ ਹੋਏ ਹਨ ਕਿ ਇਸ ਗੱਲ ਦੀ ਕਲਪਨਾ ਕਰਨਾ ਮੁਸ਼ਕਲ ਹੈ ਕਿ ਉਹ ਕਿਉਂ ਲੂਕਾ ਦੁਆਰਾ ਬਿਨਾਂ ਵਰਣਨ ਕੀਤੇ ਹੀ ਰਹਿ ਗਏ ਸਨ। ਕਾਰਨ ਭਾਵੇਂ ਕੋਈ ਵੀ ਕਿਉਂ ਨਾ ਹੋਵੇ, ਇਹ ਇੱਥੇ ਪਤਰਸ ਦੀ ਦੂਸਰੀ ਪੱਤ੍ਰੀ ਵਿਚ ਹੈ, ਕਿ ਸਾਡੇ ਕੋਲ ਨਵੇਂ ਨੇਮ ਸਿਰਫ ਇੱਥੇ ਪੌਲੁਸ ਦੀਆਂ ਪੱਤ੍ਰੀਆਂ ਦਾ ਗੈਰ-ਪੌਲੀਨ ਹਵਾਲਾ ਹੈ।

ਇੱਥੇ ਵੀ, ਪੌਲੁਸ ਦੀਆਂ ਪੱਤ੍ਰੀਆਂ ਦੇ ਲਈ ਪਤਰਸ ਦਾ ਸੰਕੇਤ ਮੁੱਖ ਵਿਚਾਰ ਦੇ ਨਾਲ ਇਤਫਾਕਿਆ ਸੀ। ਉਸ ਦੀ ਇਨ੍ਹਾਂ ਦੇ ਵਿਚ ਇਸ ਕਾਰਨ ਦਿਲਚਸਪੀ ਸੀ ਕਿਉਂਕਿ ਝੂਠੇ ਗੁਰੂਆਂ ਨੇ ਪੌਲੁਸ ਦੇ ਸੰਦੇਸ਼ ਨੂੰ ਤੋੜ-ਮਰੋੜ ਦਿੱਤਾ ਸੀ। ਉਹ ਇਸ ਗੱਲ ਨੂੰ ਸਪੱਸ਼ਟ ਕਰਨਾ ਚਾਹੁੰਦਾ ਸੀ ਕਿ ਉਸ ਨੇ ਅਤੇ ਪੌਲੁਸ ਇੱਕੋ ਸੰਦੇਸ਼ ਦਿੱਤਾ ਸੀ। ਸ਼ਾਇਦ ਉੱਥੇ ਪਤਰਸ ਦੇ ਸ਼ਬਦਾਂ ਦੇ ਨਾਲ ਜਾਇਜ਼ ਅਨੁਮਾਨ ਪੈਦਾ ਹੋ ਰਹੇ ਹਨ ਕਿ ਕੈਕਨ ਬਾਰੇ ਸਵਾਲ ਤੇ ਕੋਈ ਅਸਰ ਹੈ, ਪਰ ਅਜਿਹੇ ਮਾਮਲੇ ਪਤਰਸ ਦੀਆਂ ਪ੍ਰਮੁੱਖ ਚਿੰਤਾਵਾਂ ਦੇ ਲਈ ਇਤਫਾਕਿਆ ਸਨ।

ਜਾਹਿਰ ਤੌਰ ਤੇ ਇੱਕ ਕਾਰਨ ਦੇ ਲਈ ਪਤਰਸ ਨੇ ਪੌਲੁਸ ਦੀਆਂ ਪੱਤ੍ਰੀਆਂ ਦਾ ਹਵਾਲਾ ਦਿੱਤਾ ਸੀ: ਉਨ੍ਹਾਂ ਵਿਚ ਉਸ ਨੇ ਮਸੀਹੀਆਂ ਨੂੰ ਉਹੀ ਸਿੱਖਿਆ ਦਿੱਤੀ ਸੀ ਜੋ ਪਤਰਸ ਨੇ ਉਨ੍ਹਾਂ ਨੂੰ ਦਿੱਤੀ ਸੀ, ਅਰਥਾਤ, ਉਨ੍ਹਾਂ ਨੂੰ "ਸਾਡੇ ਪ੍ਰਭੂ ਦੇ ਧੀਰਜ ਨੂੰ ਮੁਕਤੀ ਸਮਝਣਾ" ਚਾਹੀਦਾ ਹੈ। **ਪੌਲੁਸ ਨੇ ਵੀ, ਓਸ ਗਿਆਨ ਦੇ ਅਨੁਸਾਰ ਜੋ ਉਸ ਨੂੰ ਦਾਨ ਹੋਇਆ**, ਉਸੇ ਸੰਦੇਸ਼ ਦੀ ਸਿੱਖਿਆ ਦਿੱਤੀ ਸੀ ਜੋ ਪਤਰਸ ਨੇ ਸਿਖਾਇਆ ਸੀ। ਕਲੀਸੀਆ ਦੇ ਇਨ੍ਹਾਂ ਦੋਵਾਂ ਥੰਮਾਂ ਦੇ ਵਿਚਕਾਰ ਝਗੜੇ ਜਾਂ ਦੁਸ਼ਮਣੀ ਦਾ ਕੋਈ ਸੰਕੇਤ ਨਹੀਂ ਸੀ।

ਪਾਠਕਾਂ ਨੂੰ ਹੈਰਾਨ ਹੋਣ ਦੇ ਲਈ ਛੱਡ ਦਿੱਤਾ ਗਿਆ ਹੈ ਕਿ ਪੌਲੁਸ ਦੀਆਂ ਪੱਤ੍ਰੀਆਂ ਦੇ ਕਿਹੜੇ ਹਵਾਲੇ ਪਤਰਸ ਦੇ ਦਿਮਾਗ ਵਿਚ ਹੋ ਸਕਦੇ ਹਨ ਜਿਨ੍ਹਾਂ ਨੇ ਉਸ ਦੇ ਵਿਸ਼ੇ ਦਾ ਸਮਰਥਨ ਕੀਤਾ ਹੋ ਸਕਦਾ ਹੈ। ਇਹ ਇੱਕ ਸੌਖਾ ਪ੍ਰਸ਼ਨ ਨਹੀਂ ਹੈ। ਜੇਕਰ 2 ਪਤਰਸ ਦੀ ਪੱਤ੍ਰੀ ਮੱਧ 60 ਦੇ ਦਹਾਕਿਆਂ ਵਿਚ ਲਿਖੀ ਗਈ ਸੀ, ਤਾਂ ਉਸ ਸਮੇਂ ਪੌਲੁਸ ਦੀਆਂ ਪੱਤ੍ਰੀਆਂ ਪਹਿਲਾਂ ਤੋਂ ਹੀ ਮੌਜੂਦ ਸਨ। ਪਰ, ਅਸੀਂ ਨਹੀਂ ਜਾਣਦੇ ਕਿ ਇਨ੍ਹਾਂ ਪੱਤ੍ਰੀਆਂ ਵਿਚੋਂ ਕਿਹੜੀਆਂ ਪੱਤ੍ਰੀਆਂ ਤੋਂ ਪਤਰਸ ਅਤੇ ਉਸ ਦੇ ਪਾਠਕ ਜਾਣੂ ਸਨ। ਇੱਕ ਸੰਭਾਵਨਾ ਰੋਮੀਆਂ ਦੀ ਪੱਤ੍ਰੀ ਹੈ, ਜਿੱਥੇ ਪੌਲੁਸ ਨੇ ਪਤਰਸ ਦੇ ਨਾਲ ਮਿਲਦੀ ਜੁਲਦੀ ਭਾਵਨਾ ਨੂੰ ਪਰਗਟ ਕੀਤਾ ਹੈ: "ਅਥਵਾ

ਤੂੰ ਉਹ ਦੀ ਮਿਹਰਬਾਨੀ ਅਤੇ ਖਿਮਾ ਅਤੇ ਧੀਰਜ ਦੀ ਦੌਲਤ ਨੂੰ ਤੁੱਛ ਸਮਝਦਾ ਹੈਂ ਅਤੇ ਇਹ ਨਹੀਂ ਜਾਣਦਾ ਜੋ ਪਰਮੇਸ਼ੁਰ ਦੀ ਮਿਹਰਬਾਨੀ ਤੈਨੂੰ ਪਛਤਾਵੇ ਦੇ ਰਾਹ ਪਾਉਂਦੀ ਹੈ?" (ਰੋਮੀਆਂ 2:4)।

ਜੇਕਰ ਪਤਰਸ ਦੀ ਦੂਜੀ ਪੱਤ੍ਰੀ 40 ਦੇ ਦਹਾਕਿਆਂ ਵਿਚ ਲਿਖੀ ਗਈ ਸੀ, ਜਿਵੇਂ *ਜਾਣ-ਪਛਾਣ* ਵਿਚ ਸੁਝਾਅ ਦਿੱਤਾ ਗਿਆ ਸੀ, ਤਾਂ ਇਹ ਸੰਭਵ ਹੈ ਕਿ ਪੌਲੀਨ ਦੀਆਂ ਪੱਤ੍ਰੀਆਂ ਜਿਨ੍ਹਾਂ ਦਾ ਹਵਾਲਾ ਪਤਰਸ ਨੇ ਦਿੱਤਾ ਸੀ ਉਹ ਨਵੇਂ ਨੇਮ ਵਿਚ ਸ਼ਾਮਲ ਪੱਤ੍ਰੀਆਂ ਤੋਂ ਇਲਾਵਾ ਹੋਰ ਦੂਜੀਆਂ ਪੱਤ੍ਰੀਆਂ ਸਨ। ਜੇਕਰ ਅਜਿਹਾ ਹੈ, ਇਹ ਸਾਡੇ ਦੁਆਰਾ ਪੌਲੁਸ ਦੀਆਂ ਪੱਤ੍ਰੀਆਂ ਵਿਚੋਂ ਬਹੁਤ ਸਾਰੇ ਬਿਆਨ ਨਾ ਲੱਭ ਸਕਣ ਦਾ ਕਾਰਨ ਹੋਵੇਗਾ ਜੋ ਉਹੀ ਤਰਕ ਦਿੰਦੇ ਸਨ ਜਿਸ ਨੂੰ ਪਤਰਸ ਅੱਗੇ ਲੈ ਜਾਣਾ ਚਾਹੁੰਦਾ ਸੀ।

**ਆਇਤ 16.** ਇੱਥੋਂ ਤੱਕ ਵਿਸ਼ੇਸ਼ ਹੈ: ਉੱਥੇ ਪੌਲੁਸ ਦੇ ਦੁਆਰਾ ਲਿਖੀਆਂ ਗਈਆਂ ਪੱਤ੍ਰੀਆਂ ਸਨ ਜੋ ਪਤਰਸ ਅਤੇ ਉਸ ਦੇ ਪਾਠਕਾਂ ਦੇ ਦੁਆਰਾ ਪਰਸਪਰਿਕ ਤੌਰ ਤੇ ਜਾਣੇ ਜਾਂਦੇ ਸਨ। ਪਤਰਸ ਇੱਕ ਮਿੱਤਰ ਦੇ ਰੂਪ ਵਿਚ ਪੌਲੁਸ ਉੱਤੇ ਅੰਕਿਤ ਕੀਤਾ ਜਾ ਸਕਦਾ ਸੀ। **ਆਪਣੀਆਂ ਸਾਰੀਆਂ ਪੱਤ੍ਰੀਆਂ ਵਿੱਚ** ਪੌਲੁਸ ਨੇ **ਉਨ੍ਹਾਂ ਦੇ ਵਿਖੇ** ਉਨ੍ਹਾਂ ਕਲੀਸੀਆਵਾਂ ਨੂੰ **ਲਿਖਿਆ ਹੈ** ਜਿਨ੍ਹਾਂ ਨੂੰ ਪਤਰਸ ਨੇ ਸੰਬੋਧਤ ਕੀਤਾ ਸੀ। ਪਤਰਸ ਅਤੇ ਪੌਲੁਸ ਦੋਵੇਂ ਉਨ੍ਹਾਂ ਝੂਠੇ ਗੁਰੂਆਂ ਦਾ ਸਾਹਮਣਾ ਕਰਨ ਦੇ ਲਈ ਇਕੱਠੇ ਖੜ੍ਹੇ ਸਨ ਜੋ ਕਲੀਸੀਆਵਾਂ ਨੂੰ ਪ੍ਰਭਾਵਿਤ ਕਰਨ ਦੀ ਕੋਸ਼ਿਸ਼ ਕਰ ਰਹੇ ਸਨ। ਵਿਸ਼ੇਸ਼ ਤੌਰ ਤੇ, ਉਹ ਪ੍ਰਭੂ ਦੀ ਆਮਦ ਵਿਚ ਦੇਰੀ ਦੇ ਮਾਮਲੇ ਤੇ ਇਕੱਠੇ ਖੜ੍ਹੇ ਸਨ। ਦੋਵਾਂ ਨੇ ਸਿਖਾਇਆ ਕਿ ਦੇਰੀ ਦਾ ਅਰਥ ਹੈ ਉਨ੍ਹਾਂ ਲੋਕਾਂ ਦੀ "ਮੁਕਤੀ" ਜਿਨ੍ਹਾਂ ਨੇ ਹੁਣ ਤੱਕ ਤੋਬਾ ਨਹੀਂ ਕੀਤੀ ਹੈ।

ਝੂਠੇ ਗੁਰੂ, ਬੇਹਤਰ ਗਿਆਨ ਦੇ ਲਈ ਆਪਣੇ ਦਾਅਵੇ ਦੇ ਬਾਵਜੂਦ, **ਕਚਘਰੜ ਅਤੇ ਡੋਲਣ ਵਾਲੇ ਲੋਕ** ਸਨ। ਉਹ ਉਨ੍ਹਾਂ ਚੀਜ਼ਾਂ ਨੂੰ ਲੈਂਦੇ ਹਨ ਜਿਨ੍ਹਾਂ ਵਿਚੋਂ ਪੌਲੁਸ ਦੀਆਂ ਪੱਤ੍ਰੀਆਂ ਵਿਚ **ਕਈਆਂ ਗੱਲਾਂ ਦਾ ਸਮਝਣਾ ਔਖਾ ਹੈ** ਅਤੇ ਉਨ੍ਹਾਂ ਨੂੰ **ਮਰੋੜਦੇ** ਸਨ **ਜਿਵੇਂ ਉਹ ਹੋਰਨਾਂ ਲਿਖਤਾਂ ਨੂੰ ਵੀ ਕਰਦੇ** ਸਨ। ਸ਼ਬਦ (δυσνόητος, *ਡਸਨੋਈਟੋਸ* ) ਜਿਸ ਦਾ ਅਨੁਵਾਦ "ਸਮਝਣਾ ਔਖਾ ਹੈ" ਨਵੇਂ ਨੇਮ ਵਿਚ ਸਿਰਫ ਇੱਥੇ ਹੀ ਆਇਆ ਹੈ। ਇੱਥੋਂ ਤੱਕ ਕਿ ਨਵੇਂ ਨੇਮ ਦੇ ਬਾਹਰ ਵੀ ਇਸ ਇਹ ਸ਼ਬਦ ਬਹੁਤ ਘੱਟ ਪਾਇਆ ਜਾਂਦਾ ਹੈ; ਪਰ ਦੂਸਰੀ ਸਦੀ ਵਿਚ ਉਸ ਕੰਮ ਵਿਚ ਜਿਸ ਨੂੰ *ਸ਼ੈਫਰਡ ਆਫ਼ ਹਿਰਮਾਸ* ਕਹਿੰਦੇ ਹਨ, ਇਹ ਉਨ੍ਹਾਂ ਦਰਸ਼ਣਾਂ ਅਤੇ ਲੇਖਕਾਂ ਦੇ ਲਈ ਵਰਤਿਆ ਗਿਆ ਹੈ ਜਿਨ੍ਹਾਂ ਨੂੰ ਸਮਝਾਉਣਾ ਅਤੇ ਉਨ੍ਹਾਂ ਦਾ ਵਰਣਨ ਕਰਨਾ ਮੁਸ਼ਕਲ ਹੁੰਦਾ ਸੀ।[11] ਪਤਰਸ ਨੇ, ਬੇਸ਼ੱਕ, ਕਿਸੇ ਕਿਸਮ ਦੇ ਦਰਸ਼ਣਾਂ ਦਾ ਹਵਾਲਾ ਨਹੀਂ ਦਿੱਤਾ ਸੀ, ਪਰ ਉਸ ਨੇ ਇਸ ਗੱਲ ਨੂੰ ਸਵੀਕਾਰ ਕੀਤਾ ਕਿ ਪੌਲੁਸ ਦੇ ਦੁਆਰਾ ਲਿਖੀਆਂ ਗਈਆਂ ਕੁਝ ਚੀਜ਼ਾਂ ਸਮਝਣੀਆਂ ਮੁਸ਼ਕਲ ਸਨ ਅਤੇ ਉਹ ਤੋੜਣ ਮਰੋੜਣ ਦੇ ਲਈ ਬਹੁਤ ਹੀ ਸੰਵੇਦਨਸ਼ੀਲ ਸਨ। ਪੌਲੁਸ ਦੀਆਂ ਲਿਖਤਾਂ ਵਿਚ ਅਤੇ "ਬਾਕੀ ਦੀਆਂ ਲਿਖਤਾਂ" ਵਿਚ ਜਿਨ੍ਹਾਂ ਦਾ ਸਮਝਣਾ ਔਖਾ ਹੈ ਇਹ ਭਾਸ਼ਾ ਦੀ ਅਸਪੱਸ਼ਟਤਾ ਦਾ ਇੱਕ ਸਬੂਤ ਹੈ।

ਸਿਧਾਂਤਿਕ ਤੌਰ ਤੇ, ਪਰਮੇਸ਼ੁਰ ਨੇ ਆਪਣੀ ਰਚਨਾ ਦੇ ਨਾਲ ਗੱਲ ਬਾਤ ਕਰਨ ਦੇ ਲਈ ਭਾਸ਼ਾ ਤੋਂ ਇਲਾਵਾ ਕਈਆਂ ਹੋਰਨਾਂ ਸਾਧਨਾਂ ਦਾ ਇਸਤੇਮਾਲ ਕੀਤਾ ਹੋ ਸਕਦਾ ਹੈ। ਉਸ ਨੇ ਮਨੁੱਖੀ ਮਨਾਂ ਵਿਚ ਸਿੱਧੇ ਖੁਲਾਸਿਆਂ ਨੂੰ ਪਾਇਆ ਹੋ ਸਕਦਾ ਹੈ। ਪਰਮੇਸ਼ੁਰ ਨੇ ਉਸ ਦੇ ਬਾਰੇ ਵਿਚ ਕਿ ਉਹ ਕੌਣ ਹੈ ਕਿਸੇ ਜ਼ਰੂਰੀ ਭਾਵਨਾ ਦੇ ਨਾਲ ਭਰਿਆ ਹੋ ਸਕਦਾ ਹੈ ਕਿ ਉਹ

ਕੌਣ ਹੈ, ਅਤੇ ਉਹ ਆਪਣੇ ਲੋਕਾਂ ਕੋਲੋਂ ਕੀ ਚਾਹੁੰਦਾ ਹੈ, ਮਸੀਹ ਦਾ ਕੀ ਮਹੱਤਵ ਹੈ, ਅਤੇ ਹੋਰ ਅਜਿਹੀਆਂ ਬਹੁਤ ਸਾਰੀਆਂ ਚੀਜ਼ਾਂ ਦੇ ਨਾਲ। ਉਸ ਨੇ ਆਪਣੇ ਆਪ ਨੂੰ ਇਸ ਤਰੀਕੇ ਦੇ ਨਾਲ ਪਰਗਟ ਕੀਤਾ ਹੋ ਸਕਦਾ ਹੈ, ਪਰ ਇਸ ਦੀ ਬਜਾਇ ਉਸ ਨੇ ਦੂਸਰਾ ਤਰੀਕਾ ਚੁਣਿਆ ਹੈ। ਪਰਮੇਸ਼ੁਰ ਨੇ ਆਪਣੇ ਆਪ ਨੂੰ ਆਪਣੇ ਲੋਕਾਂ ਤੇ ਪਰਗਟ ਕਰਨ ਦੇ ਲਈ ਭਾਸ਼ਾ ਨੂੰ ਚੁਣਿਆ ਹੈ। ਜਦੋਂ ਭਾਸ਼ਾ ਮਾਧਿਅਮ ਹੈ, ਤਾਂ ਇਸ ਨੂੰ ਗਲਤ ਸਮਝਿਆ ਜਾ ਸਕਦਾ ਹੈ ਅਤੇ ਗਲਤ ਸਮਝਿਆ ਜਾਵੇਗਾ। ਇਸ ਤੋਂ ਇਲਾਵਾ, ਜੋ ਲੋਕ ਇਸ ਤਰ੍ਹਾਂ ਕਰਨਾ ਚਾਹੁੰਦੇ ਹਨ ਉਹ ਇਸ ਨੂੰ ਤੋੜਣ ਮਰੋੜਣਗੇ।

ਭਾਸ਼ਾ ਦੀ ਅਸਪੱਸ਼ਟਤਾ ਦੇ ਸਾਹਮਣੇ, ਕੁਝ ਲੋਕ ਦਾਅਵੇ ਦੀ ਸੱਚਾਈ ਨੂੰ ਜਾਣਨਾ ਛੱਡ ਦਿੰਦੇ ਹਨ। ਜਿਨ੍ਹਾਂ ਦੇ ਲਈ ਉਨ੍ਹਾਂ ਦਾ ਰੂੜੀਵਾਦ ਅਸੁਵਿਧਾਜਨਕ ਹੈ ਉਨ੍ਹਾਂ ਨੂੰ ਧਰਮ ਦੇ ਇਕਬਾਲਿਆ ਕੁਦਰਤ ਤੇ ਗੌਰ ਕਰਨਾ ਚਾਹੀਦਾ ਹੈ। ਮਸੀਹੀਅਤ ਇਸ ਦਾਅਵੇ ਦੇ ਨਾਲ ਸ਼ੁਰੂ ਹੁੰਦੀ ਹੈ ਅਤੇ ਇਸ ਦਾਅਵੇ ਦੇ ਨਾਲ ਖਤਮ ਹੁੰਦੀ ਹੈ: ਕਿ ਪਰਮੇਸ਼ੁਰ ਸ੍ਰਿਸ਼ਟੀਕਰਤਾ ਹੈ। ਯਿਸੂ ਮਸੀਹ ਮਸੀਹਾ ਹੈ। ਯਿਸੂ ਮਸੀਹ ਸਾਡੇ ਬਦਲੇ ਸਲੀਬ ਤੇ ਮਰਿਆ। ਉਹ ਮੁਕਤੀ ਦਾ ਸੋਮਾ ਹੈ। ਉਹ ਦੁਬਾਰਾ ਆਵੇਗਾ। ਭਾਸ਼ਾ ਅਸਪੱਸ਼ਟ ਹੈ, ਪਰ ਪੂਰੀ ਤਰ੍ਹਾਂ ਦੇ ਨਾਲ ਅਸਪੱਸ਼ਟ ਨਹੀਂ ਹੈ। ਇਸ ਤੋਂ ਇਲਾਵਾ, ਜਿਨ੍ਹਾਂ ਚੀਜ਼ਾਂ ਨੂੰ "ਸਮਝਣਾ ਔਖਾ ਹੈ," ਉਹ ਤੁੱਛ ਸਮਝੇ ਜਾਣ ਅਤੇ ਨਜ਼ਰਅੰਦਾਜ਼ ਕੀਤੇ ਜਾਣ ਲਈ ਨਹੀਂ ਹਨ। ਪਤਰਸ ਦੇ ਸ਼ਬਦ, ਇੱਕ ਤਿਰਛੇ ਤਰੀਕੇ ਦੇ ਨਾਲ, ਵਿਸ਼ਵਾਸੀਆਂ ਨੂੰ ਵਿਦਿਆਰਥੀ ਹੋਣ ਦੇ ਲਈ ਬੁਲਾਉਂਦੇ ਹਨ। ਕੋਈ ਇਹ ਵੀ ਕਹਿ ਸਕਦਾ ਹੈ ਕਿ ਕਿਸੇ ਹੱਦ ਤੱਕ ਵਫ਼ਾਦਾਰ ਮਸੀਹੀ ਉਨ੍ਹਾਂ ਚੀਜ਼ਾਂ ਨੂੰ ਹੂੰਝ ਕੇ ਇੱਕ ਪਾਸੇ ਰੱਖ ਦਿੰਦੇ ਹਨ ਜਿਨ੍ਹਾਂ ਨੂੰ "ਸਮਝਣਾ ਔਖਾ ਹੈ" ਪਰ "ਕਚਘਰੜ ਅਤੇ ਡੋਲਣ ਵਾਲੇ ਲੋਕ" ਅਸਲ ਵਿਚ, **ਆਪਣੀ ਬਰਬਾਦੀ ਲਈ** ਉਨ੍ਹਾਂ ਗੱਲਾਂ ਨੂੰ "ਮਰੋੜਦੇ" ਹਨ।

ਪਤਰਸ ਦਾ ਇਹ ਬਿਆਨ ਕਿ ਝੂਠੇ ਗੁਰੂਆਂ ਨੇ ਪੌਲੁਸ ਦੀਆਂ ਪੱਤ੍ਰੀਆਂ ਨੂੰ "ਮਰੋੜਿਆ" ਹੈ ਜਿਵੇਂ ਉਨ੍ਹਾਂ ਨੇ "ਹੋਰਨਾਂ ਲਿਖਤਾਂ" ਨਾਲ ਵੀ ਕੀਤਾ ਹੈ, ਮਹੱਤਵਪੂਰਣ ਪ੍ਰਸ਼ਨਾਂ ਨੂੰ ਖੜਾ ਕਰਦਾ ਹੈ। ਸ਼ਬਦ (γραφή, *ਗ੍ਰਾਫੀ*) "ਲਿਖਤਾਂ" ਦੇ ਲਈ ਯੂਨਾਨੀ ਆਮ ਹੁੰਦਾ ਹੈ; ਅਰਥਾਤ, ਇਹ ਕਿਸੇ ਵੀ ਲਿਖਤ ਦਾ ਉਲੇਖ ਕਰ ਸਕਦਾ ਹੈ। ਸਮੇਂ ਦੇ ਨਾਲ ਇਹ ਇੱਕ ਤਕਨੀਕੀ ਸ਼ਬਦ ਬਣ ਗਿਆ। ਪਹਿਲਾਂ ਯਹੂਦੀਆਂ ਨੇ ਫਿਰ ਮਸੀਹੀਆਂ ਨੇ ਇਹ ਸੋਚਣਾ ਸ਼ੁਰੂ ਕੀਤਾ ਕਿ ਉਨ੍ਹਾਂ ਦੇ ਪੁਰਾਤਨ ਦਸਤਾਵੇਜ਼ ਮਨੁੱਖੀ ਰਚਨਾਵਾਂ ਤੋਂ ਕੁਝ ਵੱਧ ਕੇ ਹਨ। ਉਨ੍ਹਾਂ ਦਾ ਵਿਸ਼ਵਾਸ ਹੈ ਕਿ ਪਰਮੇਸ਼ੁਰ ਦੇ ਆਤਮਾ ਨੇ ਪਰਮੇਸ਼ੁਰ ਦੇ ਦੁਆਰਾ ਚੁਣੇ ਹੋਏ ਮਨੁੱਖਾਂ ਦੇ ਰਾਹੀਂ ਅਤੇ ਮਨੁੱਖਾਂ ਦੇ ਵਿਚ ਕੰਮ ਕੀਤਾ ਇਸ ਲਈ ਜੋ ਉਨ੍ਹਾਂ ਨੇ ਲਿਖਿਆ ਉਹ ਪਰਮੇਸ਼ੁਰ ਦਾ ਵਚਨ ਸੀ, ਜਿਸ ਨੂੰ ਇਹ ਕਹਿਣਾ ਹੈ ਕਿ, ਲੇਖਕ ਆਤਮਾ ਦੇ ਦੁਆਰਾ ਪ੍ਰੇਰਿਤ ਕੀਤੇ ਗਏ ਸਨ। ਸ਼ਾਇਦ ਪ੍ਰੇਰਣਾ ਦਾ ਅਰਥ ਇਹ ਵੀ ਹੋ ਸਕਦਾ ਹੈ ਕਿ ਲਿਖਤਾਂ ਵਿਚ ਪਵਿੱਤਰ ਆਤਮਾ ਦੀ ਸਮਰੱਥ ਨੂੰ ਫੂਕਿਆ ਗਿਆ ਸੀ ਤਾਂ ਕਿ ਉਹ ਸ਼ਬਦ ਧਾਰਮਿਕਤਾ ਦੇ ਫਲਾਂ ਨੂੰ ਪੈਦਾ ਕਰਨ ਦਾ ਕੰਮ ਕਰਨ। ਇਸ ਲਈ ਪਰਮੇਸ਼ੁਰ ਦੁਆਰਾ ਪ੍ਰੇਰਿਤ ਰਚਨਾਵਾਂ ਨੂੰ ਨਾਮ ਦੇਣ ਦੇ ਲਈ "ਲੇਖ" ਜਾਂ "ਲਿਖਤਾਂ" ਤਕਨੀਕੀ ਸ਼ਬਦ ਬਣ ਗਿਆ। ਧਰਮੀ ਲੋਕਾਂ ਨੇ ਉਨ੍ਹਾਂ ਨੂੰ ਉੱਚ ਮਾਣ ਵਿਚ ਆਯੋਜਿਤ ਕੀਤਾ, ਉਨ੍ਹਾਂ ਨੂੰ ਪਰਮੇਸ਼ੁਰ ਵੱਲੋਂ ਮਿਲੀਆਂ ਹੋਈਆਂ ਮੰਨਿਆ, ਕੁਝ ਅਜੀਬ ਅਰਥ ਵਿਚ, ਪਰਮੇਸ਼ੁਰ ਦੇ ਸ਼ਬਦ ਅਤੇ ਮਨੁੱਖੀ ਲੇਖਕਾਂ ਦੇ ਸ਼ਬਦਾਂ ਦੇ ਰੂਪ ਵਿਚ ਮੰਨਿਆ।

ਜਦੋਂ ਨਵਾਂ ਨੇਮ ਹੋਂਦ ਵਿਚ ਆ ਰਿਹਾ ਸੀ, "ਲਿਖਤਾਂ" ਅੱਜ ਦੇ ਮਸੀਹੀਆਂ ਦੀ ਤੁਲਨਾ

ਵਿਚ ਜ਼ਿਆਦਾ ਅਸਥਾਈ ਸ਼ਬਦ ਸੀ। "ਲਿਖਤਾਂ" ਉਹ ਰਚਨਾਵਾਂ ਸਨ ਜੋ ਹੈਕਲ ਦੀਆਂ ਜਾਂ ਕਲੀਸੀਆ ਦੀਆਂ ਸਭਾਵਾਂ ਵਿਚ ਪੜ੍ਹੀਆਂ ਜਾਣ ਦੇ ਲਈ ਯੋਗ ਸਨ। ਅਸਲ ਵਿਚ ਕਿਹੜੀਆਂ ਪੁਸਤਕਾਂ "ਲਿਖਤਾਂ" ਦੀ ਸ਼੍ਰੇਣੀ ਨਾਲ ਸੰਬੰਧਤ ਸਨ ਅਤੇ ਕਿਹੜੀਆਂ ਨਹੀਂ ਸਨ, ਉਨ੍ਹਾਂ ਦੇ ਨਾਲ ਕੁਝ ਅਨਿਸ਼ਚਤਤਾ ਜੁੜੀ ਹੋਈ ਸੀ। ਪਰ, ਅਨਿਸ਼ਚਤਤਾ ਜਿਸ ਤੇ ਲਿਖਿਆ ਹੋਇਆ ਕੰਮ ਪ੍ਰੇਰਿਤ ਸੀ ਇੱਕ ਸਮੱਸਿਆ ਬਣ ਗਿਆ ਸੀ। ਕਿਸ ਨੇ ਫੈਸਲਾ ਕੀਤਾ ਕਿ, ਪੁਰਾਤਨ ਦਸਤਾਵੇਜ਼, ਸੱਚਮੁੱਚ, ਲਿਖਤਾਂ ਸਨ? ਕਿਹੜੀਆਂ ਪੁਸਤਕਾਂ ਪ੍ਰੇਰਣਾ ਦੇ ਦੁਆਰਾ ਲਿਖੀਆਂ ਗਈਆਂ ਸਨ? ਸਮੇਂ ਦੇ ਨਾਲ ਨਾਲ ਆਮ ਸਹਿਮਤੀ ਵਿਕਸਿਤ ਹੋਈ। ਮਸੀਹੀਆਂ ਦਾ ਵਿਸ਼ਵਾਸ ਇਹ ਹੈ ਕਿ ਉਹੀ ਪਰਮੇਸ਼ੁਰ ਜਿਸ ਨੇ ਆਪਣੇ ਦਾਸਾਂ ਨੂੰ ਲਿਖਣ ਦੇ ਲਈ ਪ੍ਰੇਰਿਤ ਕੀਤਾ ਉਸ ਨੇ ਆਪਣੇ ਲੋਕਾਂ ਦੇ ਦੁਆਰਾ ਕੰਮ ਕੀਤਾ ਕਿ ਉਹ ਪੁਸਤਕਾਂ ਦੀ ਇੱਕ ਨਿਸ਼ਚਤ ਸੰਖਿਆ ਨੂੰ ਲਿਆਉਣ ਜੋ ਪਰਮੇਸ਼ੁਰ ਦੇ ਵੱਲੋਂ ਸਨ। ਜਿਨ੍ਹਾਂ ਕਿਤਾਬਾਂ ਨੂੰ ਮਾਪਿਆ ਗਿਆ, ਉਹ ਕਿਤਾਬਾਂ ਜਿਨ੍ਹਾਂ ਨੂੰ ਪਰਮੇਸ਼ੁਰ ਦੀ ਵਿਧੀ ਦੇ ਦੁਆਰਾ ਪਰਮੇਸ਼ੁਰ ਵੱਲੋਂ ਪ੍ਰੇਰਿਤ ਨਿਰਧਾਰਤ ਕੀਤਾ ਗਿਆ, ਉਨ੍ਹਾਂ ਨੂੰ "ਕੈਨਨ" ਕਿਹਾ ਜਾਣ ਲੱਗਿਆ।

ਯਿਸੂ ਦੇ ਸਮੇਂ ਵਿਚ, ਪਰਗਟ ਹੁੰਦਾ ਹੈ ਕਿ ਇਬਰਾਨੀ ਬਾਈਬਲ ਦਾ ਕੈਨਨ ਤੈਅ ਕੀਤਾ ਜਾ ਚੁੱਕਾ ਸੀ (ਲੂਕਾ 24:44)। ਭਾਵੇਂ ਉਨ੍ਹਾਂ ਨੂੰ ਵੱਖਰੇ ਢੰਗ ਦੇ ਨਾਲ ਸੰਜੋਇਆ ਜਾਂ ਗਿਣਿਆ ਜਾਂਦਾ ਸੀ, ਪਰ ਇਸ ਦੀਆਂ ਕਿਤਾਬਾਂ ਦੀ ਗਿਣਤੀ ਸਾਡੇ ਪੁਰਾਣੇ ਨੇਮ ਦੀਆਂ ਕਿਤਾਬਾਂ ਦੇ ਬਰਾਬਰ ਹਨ। ਤੁਲਨਾ ਵਿਚ, ਕਲੀਸੀਆ ਦੇ ਸ਼ੁਰੂਆਤੀ ਦਿਨਾਂ ਵਿਚ, ਨਵੇਂ ਨੇਮ ਦੀਆਂ ਕਿਤਾਬਾਂ ਲਿਖੇ ਜਾਣ ਅਤੇ ਇਕੱਠੇ ਕੀਤੇ ਜਾਣ ਦੀ ਪ੍ਰਕਿਰਿਆ ਵਿਚ ਸਨ। ਜਦੋਂ ਪਤਰਸ ਨੇ ਪੌਲੁਸ ਦੀਆਂ ਪੱਤ੍ਰੀਆਂ ਨੂੰ "ਹੋਰਨਾਂ ਲਿਖਤਾਂ" ਦੀ ਸ਼੍ਰੇਣੀ ਵਿਚ ਰੱਖਿਆ, ਤਾਂ ਸ਼ਾਇਦ ਉਸ ਦਾ ਅਰਥ ਪੁਰਾਣਾ ਨੇਮ ਸੀ। ਜੇਕਰ ਉਸ ਦੇ ਮਨ ਵਿਚ ਹੋਰ ਕੋਈ ਵੀ ਰਸੂਲੀ ਦਸਤਾਵੇਜ਼ ਸਨ ਤਾਂ ਇਹ ਅਨਿਸ਼ਚਤ ਹੈ।

ਪਤਰਸ ਦਾ ਅਰਥ ਸੀ ਕਿ ਪੌਲੁਸ ਦੀਆਂ ਪੱਤ੍ਰੀਆਂ ਪਰਮੇਸ਼ੁਰ ਦੀ ਪ੍ਰੇਰਣਾ ਨਾਲ ਲਿਖੀਆਂ ਗਈਆਂ ਸਨ। ਉਹ ਕਲੀਸੀਆ ਦੇ ਲਈ ਅਧਿਕਾਰ-ਯੁਕਤ ਸਨ। ਪਤਰਸ ਦੀ ਮੌਤ ਤੋਂ ਬਾਅਦ ਇੱਕ ਸਦੀ ਜਾਂ ਦੋ ਸਦੀਆਂ ਦੇ ਬਾਅਦ, ਪਰਮੇਸ਼ੁਰ ਦੇ ਆਤਮਾ ਨੇ ਕਲੀਸੀਆ ਦੇ ਵਿਚ ਕੰਮ ਕੀਤਾ ਕਿ ਉਹ ਕਿਤਾਬਾਂ ਦੀ ਨਿਸ਼ਚਤ ਸੰਖਿਆ ਨੂੰ ਨਿਰਧਾਰਤ ਕਰੇ, ਜਿਸ ਵਿਚ ਪੌਲੁਸ ਦੀਆਂ ਤੇਰ੍ਹਾਂ ਪੱਤ੍ਰੀਆਂ ਅਤੇ ਪਤਰਸ ਦੀਆਂ ਦੋ ਪੱਤ੍ਰੀਆਂ ਨੂੰ ਸ਼ਾਮਲ ਕੀਤੀਆਂ ਗਈਆਂ, ਜੋ ਕੈਨਨ ਦੇ ਅਨੁਸਾਰ ਹੋ ਜਾਣਗੀਆਂ। ਜਿਨ੍ਹਾਂ ਦਾ ਕੰਮ ਉਹ ਆਦਰਸ਼ ਬਣ ਜਾਣਾ ਸੀ ਕਿ ਕਲੀਸੀਆ ਨੇ ਕੀ ਵਿਸ਼ਵਾਸ ਕਰਨਾ ਹੈ, ਕਿਵੇਂ ਜੀਣਾ ਹੈ, ਅਤੇ ਕੀ ਬਣਨਾ ਹੈ। ਸਮੇਂ ਦੇ ਨਾਲ ਨਾਲ, ਉਨ੍ਹਾਂ ਸਤਾਈ ਕਿਤਾਬਾਂ ਨੂੰ ਨਵਾਂ ਨੇਮ ਕਿਹਾ ਜਾਣ ਲੱਗ ਪਿਆ। ਇਸੇ ਕਾਰਨ ਆਧੁਨਿਕ ਕਲੀਸੀਆ ਦੇ ਲਈ "ਲਿਖਤਾਂ" ਦਾ ਅਰਥ ਨਵੇਂ ਅਤੇ ਪੁਰਾਣੇ ਨੇਮ ਦੀਆਂ ਛਿਆਹਠ ਕਿਤਾਬਾਂ ਹੈ।

# ਪ੍ਰਾਸੰਗਿਕਤਾ

### ਪ੍ਰਭੂ ਦੇ ਦਿਨ ਲਈ ਕਾਹਲੀ ਕਰਨਾ (3:1-16)

ਕਿਹਾ ਜਾਂਦਾ ਹੈ ਕਿ ਬਾਈਬਲ ਦਾ ਸਾਰ ਇਸ ਅਨੁਸਾਰ ਕੱਢਿਆ ਜਾਂਦਾ ਹੈ: (1) ਪੁਰਾਣੇ ਨੇਮ ਦਾ ਵਿਸ਼ਾ ਇਹ ਹੈ ਕਿ "ਕੋਈ ਆ ਰਿਹਾ ਹੈ।" (2) ਇੰਜੀਲ ਦੇ ਚਾਰਾਂ

ਵਿਰਤਾਂਤਾਂ ਦਾ ਵਿਸ਼ਾ ਇਹ ਹੈ ਕਿ "ਕੋਈ ਇੱਥੇ ਆ ਗਿਆ ਹੈ।" (3) ਬਾਕੀ ਨਵੇਂ ਨੇਮ ਦਾ ਵਿਸ਼ਾ ਇਹ ਹੈ ਕਿ "ਕੋਈ ਦੁਬਾਰਾ ਆ ਰਿਹਾ ਹੈ।" ਜਦੋਂ ਪਤਰਸ ਨੇ ਆਪਣੀ ਦੂਜੀ ਪੱਤ੍ਰੀ ਲਿਖੀ ਉਸ ਨੇ ਕੁਝ ਅਜਿਹੇ ਲੋਕਾਂ ਨੂੰ ਸੰਬੋਧਿਤ ਕੀਤਾ ਜਿਹੜੇ ਇਕ ਦਹਾਕੇ ਜਾਂ ਉਸ ਤੋਂ ਵੀ ਜ਼ਿਆਦਾ ਸਮੇਂ ਤੋਂ ਮਸੀਹੀ ਸਨ। ਉਨ੍ਹਾਂ ਨੇ ਸਮਝ ਲਿਆ ਸੀ ਕਿ ਪ੍ਰਭੂ ਦੁਬਾਰਾ ਆਉਣ ਵਾਲਾ ਹੈ। ਕਈ ਸਾਲ ਬੀਤ ਗਏ ਅਤੇ ਜੀਵਨ ਚੱਲਦਾ ਹੀ ਰਿਹਾ ਜਿਵੇਂ ਕਿ ਪਹਿਲਾਂ ਚੱਲਦਾ ਸੀ। ਪਤਰਸ ਨੇ ਆਪਣੀ ਇਸ ਪੱਤ੍ਰੀ ਨੂੰ ਆਪਣੇ ਪਾਠਕਾਂ ਨੂੰ ਮੁੜ ਇਹ ਭਰੋਸਾ ਦੇਣ ਦੁਆਰਾ ਖਤਮ ਕੀਤਾ ਕਿ ਉਨ੍ਹਾਂ ਨੇ ਜੋ ਸੁਣਿਆ ਸੀ ਉਹ ਸੱਚ ਸੀ: ਪ੍ਰਭੂ ਦੁਬਾਰਾ ਆਵੇਗਾ। ਪਤਰਸ ਇਸ ਗੱਲ ਨੂੰ ਨਿਸ਼ਚਤ ਕਰਨਾ ਚਾਹੁੰਦਾ ਸੀ ਕਿ ਉਹ ਇਨ੍ਹਾਂ ਨਿਯਮਾਂ ਨੂੰ ਸਮਝ ਗਏ ਸਨ।

1. *ਹਮੇਸ਼ਾ ਸੰਦੇਹਵਾਦੀ ਅਤੇ ਸ਼ੱਕ ਕਰਨ ਵਾਲੇ ਹੋਣਗੇ ਜਿਹੜਾ ਉਨ੍ਹਾਂ ਦਾ ਮਜ਼ਾਕ ਉਡਾਉਣਗੇ ਜਿਹੜੇ ਇਸ ਗੱਲ ਨੂੰ ਮੰਨਦੇ ਹਨ ਕਿ ਸੰਸਾਰ ਉਸ ਅੰਤ ਵੱਲ ਨੂੰ ਜਾ ਰਿਹਾ ਹੈ ਜੋ ਪ੍ਰਭੂ ਦੁਆਰਾ ਠਹਿਰਾਇਆ ਗਿਆ ਹੈ।* ਮਸੀਹੀ ਲੋਕਾਂ ਅਤੇ ਗੈਰ-ਵਿਸ਼ਵਾਸੀਆਂ ਦੇ ਦ੍ਰਿਸ਼ਟੀਕੋਣਾਂ ਵਿਚਕਾਰ ਸਭ ਤੋਂ ਮਹੱਤਵਪੂਰਣ ਫ਼ਰਕਾਂ ਵਿੱਚੋਂ ਇਕ ਫ਼ਰਕ ਇਹ ਹੈ ਕਿ ਮਸੀਹੀ ਲੋਕ ਜਾਣਦੇ ਹਨ ਕਿ ਸੰਸਾਰ ਕਿਸੇ ਨਾ ਕਿਸੇ ਦਿਸ਼ਾ ਵੱਲ ਨੂੰ ਜਾ ਰਿਹਾ ਹੈ। ਇਹ ਸਿੱਟਾ ਕੱਢਣ ਵਿਚ ਕਾਹਲੀ ਕਰਨਾ ਹੈ, ਇਕ ਨਿਆਂ ਜਦੋਂ ਸਾਰੇ ਲੋਕ ਪਰਮੇਸ਼ੁਰ ਦੇ ਸਾਹਮਣੇ ਖੜ੍ਹੇ ਹੋਣਗੇ ਅਤੇ ਲੇਖਾ ਦੇਣਗੇ (2 ਕੁਰਿੰਥੀਆਂ 5:10)। ਗੈਰ-ਵਿਸ਼ਵਾਸੀ ਲੋਕਾਂ ਦਾ ਵਿਸ਼ਵਾਸ ਹੈ ਕਿ ਉਨ੍ਹਾਂ ਭੌਤਿਕ ਪਰਿਕ੍ਰਿਆਵਾਂ ਤੋਂ ਪਰੇ ਕੁਝ ਵੀ ਨਹੀਂ ਜੋ ਉਹ ਪਰਕਿਰਤੀ ਵਿਚ ਵੇਖਦੇ ਹਨ। ਇਹ ਸਭ ਸੰਜੋਗ ਹੈ। ਸੰਸਾਰ ਦਾ ਅੰਤ ਵੱਡੇ ਧਮਾਕੇ ਜਾਂ ਰੀਂ-ਰੀਂ ਕਰਨ ਨਾਲ ਹੋ ਸਕਦਾ ਹੈ, ਪਰ ਜਦੋਂ ਇਸ ਦਾ ਅੰਤ ਹੋਵੇਗਾ, ਇਸ ਦਾ ਅਰਥ ਕੁਝ ਵੀ ਨਹੀਂ ਹੈ। ਗੈਰ-ਵਿਸ਼ਵਾਸੀਆਂ ਲਈ, ਮਨੁੱਖੀ ਜੀਵਨ ਅਤੇ ਭੌਤਿਕ ਸੰਸਾਰ ਸਭ ਕਿਸੇ ਨਾ ਕਿਸੇ ਕਿਸਮ ਦੇ ਬਰਿਹਮੰਡੀ ਸੰਜੋਗ ਹਨ। ਇਸ ਦਾ ਨਾ ਕੋਈ ਖਾਕਾ ਅਤੇ ਨਾ ਹੀ ਕੋਈ ਯੋਜਨਾ ਹੈ। ਉਨ੍ਹਾਂ ਲਈ, ਜਿਵੇਂ ਪੌਲੁਸ ਨੇ ਕਿਹਾ ਹੈ, ਲੋਕ ਵੀ "ਖਾ ਪੀ ਸਕਦੇ ਹਨ ਕਿਉਂਕਿ [ਉਨ੍ਹਾਂ ਨੇ] ਭਲਕੇ ਮਰਨਾ ਹੈ" (1 ਕੁਰਿੰਥੀਆਂ 15:32)। ਫਿਰ ਵੀ ਗਲਤੀ ਨਾ ਕਰੋ। ਇਸ ਤਰ੍ਹਾਂ ਨਹੀਂ ਹੈ ਕਿ ਮਸੀਹੀ ਲੋਕਾਂ ਕੋਲ "ਅੰਨ੍ਹੀ ਨਿਹਚਾ" ਹੈ ਅਤੇ ਸੰਦੇਹਵਾਦੀਆਂ ਕੋਲ ਨਿਹਚਾ ਹੀ ਨਹੀਂ ਹੈ। ਗੈਰ-ਵਿਸ਼ਵਾਸੀ ਆਪਣੇ ਸਦੀਪਕ ਕਾਲ ਨੂੰ ਉਨ੍ਹਾਂ ਦੇ ਸ਼ੱਕਾਂ ਉੱਤੇ ਦਾਅ ਤੇ ਲਾਉਂਦੇ ਹਨ। ਮਸੀਹੀ ਲੋਕ ਵਿਸ਼ਵਾਸ ਕਰਦੇ ਹਨ ਕਿ ਪਰਮੇਸ਼ੇਰ ਨੇ ਖੁਦ ਨੂੰ ਪਰਗਟ ਕੀਤਾ ਹੈ। ਨਾ ਕੇਵਲ ਇਹ, ਉਨ੍ਹਾਂ ਕੋਲ ਇਹ ਵਿਸ਼ਵਾਸ ਕਰਨ ਦਾ ਕਾਰਣ ਵੀ ਹੈ ਕਿ ਪਰਮੇਸ਼ੁਰ ਯਿਸੂ ਮਸੀਹ ਦੇ ਰੂਪ ਵਿਚ ਧਰਤੀ ਉੱਤੇ ਮੁਕਤੀਦਾਤਾ ਦੇ ਤੌਰ ਤੇ ਆਇਆ ਸੀ। ਸੰਦੇਹਵਾਦੀਆਂ ਵਿਚ ਕੋਈ ਨਾ ਕੋਈ ਹਮੇਸ਼ਾ ਜ਼ਰੂਰ ਹੋਵੇਗਾ ਜਿਹੜਾ ਮਜ਼ਾਕ ਉਡਾਏਗਾ। ਪਤਰਸ ਆਪਣੇ ਪਾਠਕਾਂ ਨੂੰ ਦੱਸਣਾ ਚਾਹੁੰਦਾ ਸੀ ਕਿ ਇਸ ਦੀ ਉਮੀਦ ਕੀਤੀ ਜਾਣੀ ਚਾਹੀਦੀ ਹੈ। ਸ਼ੱਕ ਅਤੇ ਮਜ਼ਾਕ ਇਸ ਸੱਚਾਈ ਨੂੰ ਨਹੀਂ ਬਦਲਦੇ ਕਿ ਯਿਸੂ ਮੁਰਦਿਆਂ ਵਿੱਚੋਂ ਜੀ ਉੱਠਿਆ ਅਤੇ ਪਰਮੇਸ਼ੁਰ ਦੇ ਸੱਜੇ ਹੱਥ ਬਿਰਾਜਮਾਨ ਹੋ ਕੇ ਰਾਜ ਕਰਦਾ ਹੈ। ਇਹ ਇਸ ਭਰੋਸੇ ਨੂੰ ਵੀ ਨਹੀਂ ਬਦਲਦਾ ਕਿ ਉਹ ਫੇਰ ਦੁਬਾਰਾ ਆਵੇਗਾ।

2. *ਪਰਮੇਸ਼ੁਰ ਨੇ ਲੰਮੇ ਸਮੇਂ ਤੱਕ ਧੀਰਜ ਰੱਖਣ ਵਿਚ ਇਤਹਾਸ ਬਣਾ ਦਿੱਤਾ ਹੈ; ਪਰ ਅੰਤ ਵਿਚ, ਉਹ ਆਪਣੇ ਵਾਅਦਿਆਂ ਨੂੰ ਪੂਰਾ ਕਰਦਾ ਹੈ।* ਪਤਰਸ ਨੇ ਮਸੀਹੀ ਲੋਕਾਂ ਨੂੰ ਜਲ ਪਰਲੋ ਦੇ ਸਮੇਂ ਵੱਲ ਦਾ ਸੰਕੇਤ ਦਿੱਤਾ। ਪਤਰਸ ਨੇ ਆਪਣੀਆਂ ਦੋ ਛੋਟੀਆਂ-ਛੋਟੀਆਂ ਪੱਤ੍ਰੀਆਂ ਵਿਚ ਤਿੰਨ ਵਾਰ ਨੂਹ ਨੂੰ ਚੇਤੇ ਕੀਤਾ (1 ਪਤਰਸ 3:20; 2 ਪਤਰਸ 2:5; 3:5,

6)। ਹਰੇਕ ਮਿਸਾਲ ਵਿਚ ਰਸੂਲ ਨੇ ਪਾਪ ਲਈ ਸੰਸਾਰ ਨੂੰ ਜ਼ਿੰਮੇਵਾਰ ਠਹਿਰਾਉਣ ਦੇ ਲਈ ਪਰਮੇਸ਼ੁਰ ਦਾ ਹਵਾਲਾ ਦਿੱਤਾ। ਪਿਛਲੀ ਮਿਸਾਲ ਵਿਚ (3:5, 6) ਉਸ ਨੇ ਵਿਸ਼ਵਾਸੀਆਂ ਨੂੰ ਚੇਤੇ ਕਰਾਇਆ ਕਿ ਪਰਮੇਸ਼ੁਰ ਨੇ ਇਕ ਦਿਨ ਨਿਆਂ ਦਾ ਐਲਾਨ ਅਤੇ ਅਗਲੇ ਦਿਨ ਨਿਆਂ ਨਹੀਂ ਕਰ ਦਿੱਤਾ। ਨੂਹ ਨੇ ਸੰਸਾਰ ਦੀ ਨਿੰਦਾ ਕੀਤੀ ਅਤੇ "ਧਰਮ ਦਾ ਅਧਿਕਾਰੀ" ਹੋਇਆ (ਇਬਰਾਨੀਆਂ 11:7)। ਸੰਸਾਰ ਨੇ ਉਸ ਵੱਲ ਕੋਈ ਧਿਆਨ ਨਾ ਦਿੱਤਾ। ਕਈ ਸਾਲ ਬੀਤ ਗਏ, ਪਰ ਅੰਤ ਵਿਚ ਪਰਮੇਸ਼ੁਰ ਨੇ ਉਹ ਨਿਆਂ ਕੀਤਾ ਜਿਸ ਦਾ ਉਸ ਨੇ ਐਲਾਨ ਕੀਤਾ ਸੀ।

ਪਤਰਸ ਹੋਰ ਬਹੁਤ ਸਾਰੇ ਉਦਾਹਰਣ ਦੇ ਸਕਦਾ ਸੀ। ਕਈ ਦਹਾਕਿਆਂ ਤੱਕ ਯਿਰਮਿਯਾਹ ਨੇ ਯਹੂਦਿਯਾ ਅਤੇ ਯਰੂਸ਼ਲਮ ਦੇ ਲੋਕਾਂ ਨੂੰ ਚਿਤਾਵਨੀ ਦਿੱਤੀ ਸੀ ਕਿ ਪਰਮੇਸ਼ੁਰ ਕੌਮ ਦਾ ਨਿਆਂ ਕਰੇਗਾ। ਕੁਝ ਲੋਕਾਂ ਨੇ ਉਸ ਦੀ ਗੱਲ ਨੂੰ ਸੁਣਿਆ। ਲੋਕਾਂ ਕੋਲ ਤੋਬਾ ਕਰਨ ਦਾ ਖੁੱਲ੍ਹਾ ਮੌਕਾ ਸੀ। ਬਜਾਇ ਤੋਬਾ ਕਰਨ ਦੇ, ਉਨ੍ਹਾਂ ਨੇ ਨਬੀ ਦਾ ਮਜ਼ਾਕ ਉਡਾਇਆ। ਯਿਰਮਿਯਾਹ ਨਿਰਾਸ਼ ਹੋ ਗਿਆ ਅਤੇ ਹਾਰ ਮੰਨ ਲੈਣਾ ਚਾਹੁੰਦਾ ਸੀ (ਯਿਰਮਿਯਾਹ 20:7)। ਅੰਤ ਵਿਚ, ਪਰਮੇਸ਼ੁਰ ਨੇ ਲੋਕਾਂ ਦਾ ਨਿਆਂ ਕੀਤਾ। ਯਰੂਸ਼ਲਮ ਬਰਬਾਦ ਹੋ ਗਿਆ; ਲੋਕਾਂ ਨੂੰ ਜਾਂ ਤਾਂ ਘਾਤ ਕਰ ਦਿੱਤਾ ਗਿਆ ਜਾਂ ਉਨ੍ਹਾਂ ਨੂੰ ਗੁਲਾਮ ਬਣਾ ਲਿਆ ਗਿਆ। ਪਰਮੇਸ਼ੁਰ ਬੜੇ ਧੀਰਜ ਨਾਲ ਲੋਕਾਂ ਨਾਲ ਵਰਤਦਾ ਹੈ, ਪਰ ਉਸ ਦੇ ਵਾਅਦਿਆਂ ਦਾ ਪੂਰਾ ਹੋਣਾ ਨਿਸ਼ਚਤ ਹੈ।

3. *ਮਨੁੱਖਜਾਤੀ ਦੀ ਸਾਰੀ ਸ਼ਾਨ ਅਤੇ ਠਾਠ-ਬਾਠ ਪਰਮੇਸ਼ੁਰ ਦੇ ਨਿਆਂ ਹੇਠ ਡਿੱਗ ਪਵੇਗੀ।* ਗੈਰ-ਵਿਸ਼ਵਾਸੀਆਂ ਵਿਚ ਅਕਸਰ ਇਹ ਅਜੀਬ ਵਿਪਰੀਤਤਾ ਹੁੰਦੀ ਹੈ: ਪਹਿਲੀ ਗੱਲ, ਉਹ ਇਹ ਮੰਨਦੇ ਹਨ ਕਿ ਮਨੁੱਖੀ ਜੀਵਨ ਜੈਵਿਕ, ਵਿਕਾਸਗਤ ਲੜੀ ਦੇ ਅੰਤ ਤੋਂ ਵੱਧ ਕੁਝ ਵੀ ਨਹੀਂ ਹੈ। ਮਨੁੱਖ ਹੋਣਾ ਇਕ ਟਿੱਡੇ ਜਾਂ ਇਕ ਬਣਮਾਣਸ ਹੋਣ ਤੋਂ ਕਿਸੇ ਵੀ ਪ੍ਰਕਾਰ ਨਾਲੋਂ ਵੱਖਰਾ ਨਹੀਂ ਹੈ। ਤਰਕਪੂਰਣ ਢੰਗ ਨਾਲ, ਕਿਸੇ ਵਿਅਕਤੀ ਦੀ ਮੌਤ ਕਿਸੇ ਖੇਤ ਦੇ ਚੂਹੇ ਦੀ ਮੌਤ ਤੋਂ ਵੱਧ ਕੇ ਨਹੀਂ ਹੈ। ਉਦੇਸ਼ ਦਾ ਨਿਰੀਖਣ ਕਰਨ ਵਾਲੇ ਇਹ ਦਲੀਲ ਦੇ ਸਕਦੇ ਹਨ ਕਿ ਗੈਰ-ਵਿਸ਼ਵਾਸੀ ਦੁਆਰਾ ਜੋ ਪੂਰਵ ਧਾਰਣਾਵਾਂ ਦਿੱਤੀਆਂ ਗਈਆਂ ਹਨ ਉਨ੍ਹਾਂ ਨੂੰ ਧਿਆਨ ਵਿਚ ਰੱਖਦੇ ਹੋਏ ਮਨੁੱਖਜਾਤੀ ਧਰਤੀ ਉੱਤੇ ਇਕ ਬਿਮਾਰੀ ਹੈ ਜੋ ਵਾਤਾਵਰਣ ਵਿਗਿਆਨ ਨੂੰ ਉਲਟ-ਪੁਲਟ ਕਰ ਰਹੀ ਹੈ ਅਤੇ ਹੋਰ ਜੀਵਨ ਰੂਪਾਂ ਨੂੰ ਬਰਬਾਦ ਕਰ ਰਹੀ ਹੈ। ਉਨ੍ਹਾਂ ਤੋਂ ਬਿਨਾਂ ਧਰਤੀ ਹੋਰ ਵੀ ਜ਼ਿਆਦਾ ਵਧੀਆ ਹੋਵੇਗੀ।

ਜੇਕਰ ਗੈਰ-ਵਿਸ਼ਵਾਸੀ ਸਹੀ ਹਨ, ਤਾਂ ਕੋਈ ਵੀ ਇਹ ਸਮਝ ਸਕਦਾ ਹੈ ਕਿ ਉਹ ਕਿਵੇਂ ਇਹ ਸਿੱਟੇ ਕੱਢਣਗੇ। ਫਿਰ ਵੀ, ਉਹੋ ਗੈਰ-ਵਿਸ਼ਵਾਸੀ, ਇਹ ਸਿੱਟਾ ਕੱਢਦਿਆਂ ਕਿ ਮਨੁੱਖ ਜੀਵਨ ਦਾ ਅਰਥ ਕੁਝ ਵੀ ਨਹੀਂ ਹੈ, ਮਨੁੱਖ ਜੀਵਨ ਨੂੰ ਸਭ ਕੁਝ ਬਣਾਓਣਾ ਚਾਹੁੰਦੇ ਹਨ। ਲੋਕ ਫਿਰ ਵੀ ਉਨ੍ਹਾਂ ਬੁਰਜਾਂ ਨੂੰ ਵੇਖਦੇ ਹਨ ਜੋ ਉਨ੍ਹਾਂ ਨੇ ਅਕਾਸ਼ ਤੱਕ ਬਣਾਏ ਹਨ (ਉਤਪਤ 11:4) ਅਤੇ ਆਪਣੀਆਂ ਖੁਦ ਦੀਆਂ ਪ੍ਰਾਪਤੀਆਂ ਤੇ ਹੈਰਾਨ ਹੁੰਦੇ ਹਨ। ਉਹ ਕਹਿੰਦੇ ਹਨ, "ਸਾਡੀਆਂ ਉੱਚੀਆਂ-ਉੱਚੀਆਂ ਇਮਾਰਤਾਂ, ਸਾਡੇ ਤੇਲ ਦੇ ਟੈਂਕਰ, ਸਾਡੇ ਪੁਲਾੜ ਵਿਮਾਨ, ਸਾਡੀਆਂ ਲੰਬੀਆਂ-ਲੰਬੀਆਂ ਪਾਇਪਲਾਈਨਾਂ, ਸਾਡੀਆਂ ਸੜਕਾਂ ਅਤੇ ਪੁਲਾਂ ਨੂੰ ਵੇਖੋ। ਅਸੀਂ ਕਿੰਨੀ ਅਨੋਖੀ ਜਾਤੀ ਹਾਂ। ਇਹੋ ਜਿਹਾ ਕੁਝ ਨਹੀਂ ਹੈ ਜੋ ਅਸੀਂ ਨਹੀਂ ਕਰ ਸਕਦੇ।"

ਮਨੁੱਖ ਆਪਣੇ ਆਪ ਨੂੰ ਉਨ੍ਹਾਂ ਦੇ ਆਪਣੇ ਪਰਮੇਸ਼ੁਰ ਬਣਾਉਂਦੇ ਹਨ। ਅਸੀਂ ਉਨ੍ਹਾਂ ਨੂੰ ਜਿਹੜੇ ਆਪਣੀਆਂ ਮਨੁੱਖੀ ਪ੍ਰਾਪਤੀਆਂ ਤੇ ਘਮੰਡ ਕਰਦੇ ਹਨ ਕੁਝ ਅਜਿਹੀਆਂ ਗੱਲਾਂ ਬਾਰੇ ਚੇਤੇ ਕਰਾ ਸਕਦੇ ਹਾਂ ਜੋ ਸਾਡੀ ਜਾਤੀ ਕਰਨ ਦੇ ਯੋਗ ਨਹੀਂ ਹੋਈ ਹੈ। ਅਸੀਂ ਇਕ ਦੂਜੇ ਨੂੰ

ਜਾਨੋਂ ਮਾਰਨ ਤੋਂ ਰੁਕਣ ਦੇ ਯੋਗ ਨਹੀਂ ਬਣੇ ਹਾਂ। ਜੰਗ ਵਧਦੀ ਹੀ ਜਾ ਰਹੀ ਹੈ। ਨਫਰਤ ਨੇ ਗਲੀਆਂ ਅਤੇ ਘਰਾਂ ਨੂੰ ਪ੍ਰਭਾਵਿਤ ਕੀਤਾ ਹੈ। ਬੱਚਿਆਂ ਨੇ ਆਪਣਾ ਰੁਖ ਨਸ਼ਿਆਂ ਵੱਲ ਕਰ ਲਿਆ ਹੈ। ਪਤੀ ਅਤੇ ਪਤਨੀਆਂ ਇਕੱਠੇ ਮਿਲ ਕੇ ਜੀਵਨ ਨੂੰ ਉਸਾਰਨ ਲਈ ਸਰੋਤਾਂ ਨੂੰ ਨਹੀਂ ਲੱਭ ਸਕਦੇ। ਫਿਰ ਇਕ ਦੂਜੇ ਤੇ ਹਾਵੀ ਹੋਣ ਦੀ ਵਾਸਤਵਿਕਤਾ ਹੈ ਜੋ ਕਦੇ ਦੂਰ ਨਹੀਂ ਹੁੰਦੀ: ਇਹ ਪੁਰਾਣੇ ਗੀਤ ਦੇ ਬੋਲ ਹਨ, "ਅਸੀਂ ਵਾਦੀ ਹੇਠਾਂ ਇਕ-ਇਕ ਕਰਕੇ ਜਾ ਰਹੇ ਹਾਂ।"[12] ਮੌਤ ਹਾਲੇ ਵੀ ਉਨ੍ਹਾਂ ਲੋਕਾਂ ਤੇ ਆਪਣਾ ਦਾਅਵਾ ਕਰਦੀ ਹੈ ਜਿਹੜੇ ਇਸ ਗੱਲ ਤੇ ਜ਼ੋਰ ਦਿੰਦੇ ਹਨ ਕਿ ਮਨੁੱਖ ਕੁਝ ਵੀ ਕਰ ਸਕਦੇ ਹਨ। ਪਤਰਸ ਦੀ ਚਿਤਾਵਨੀ ਨੂੰ ਕਿਸੇ ਵੀ ਤਰੀਕੇ ਨਜ਼ਰਅੰਦਾਜ਼ ਨਹੀਂ ਕੀਤਾ ਜਾ ਸਕਦਾ। ਧਰਤੀ ਅਤੇ ਅਕਾਸ਼, ਮਨੁੱਖਜਾਤੀ ਦੀ ਸਾਰੀ ਸ਼ਾਨ ਅਤੇ ਠਾਠ ਬਾਠ, ਬਰਬਾਦ ਹੋ ਜਾਵੇਗੀ। ਪਰਮੇਸ਼ੁਰ ਇਸ ਦੁਨੀਆ ਦਾ ਅੰਤ ਕਰਨ ਵਾਲਾ ਹੈ। ਕੁਝ ਮਰਦ ਅਤੇ ਔਰਤਾਂ ਭਗਤੀ ਵਾਲਾ ਜੀਵਨ ਜੀਉਣਗੇ। ਪਤਰਸ ਨੇ ਐਲਾਨ ਕੀਤਾ, "ਜਦੋਂ ਏਹ ਸੱਭੇ ਵਸਤਾਂ ਇਉਂ ਢਲ ਜਾਣ ਵਾਲੀਆਂ ਹਨ ਤਾਂ ਤੁਹਾਨੂੰ ਹਰ ਪਰਕਾਰ ਦੇ ਪਵਿੱਤਰ ਚਲਣ ਅਤੇ ਭਗਤੀ ਵਿੱਚ ਕੇਹੋ ਜੇਹੇ ਹੋਣਾ ਚਾਹੀਦਾ ਹੈ?" (2 ਪਤਰਸ 3:11)।

*ਸਿੱਟਾ।* ਪਤਰਸ ਦੀਆਂ ਚਿਤਾਵਨੀਆਂ ਕਠੋਰ ਸਨ, ਪਰ ਇਸ ਦੇ ਨਾਲ-ਨਾਲ ਉਸ ਨੇ ਆਸ ਨੂੰ ਵੀ ਕਾਇਮ ਰੱਖਿਆ। ਉਸ ਨੇ ਆਪਣੇ ਲੋਕਾਂ ਨੂੰ ਦੱਸਿਆ ਕਿ ਇਸ ਸੰਸਾਰ ਦਾ ਅੰਤ ਹੋ ਜਾਣ ਤੋਂ ਬਾਅਦ, ਪਰਮੇਸ਼ੁਰ ਇਕ ਨਵਾਂ ਅਕਾਸ਼ ਅਤੇ ਇਕ ਨਵੀਂ ਧਰਤੀ ਬਣਾਵੇਗਾ। ਉਨ੍ਹਾਂ ਵਿਚ ਧਾਰਮਿਕਤਾ ਵੱਸੇਗੀ (2 ਪਤਰਸ 3:13)। ਨਾ ਹੀ ਪਤਰਸ ਅਤੇ ਨਾ ਹੀ ਨਵੇਂ ਨੇਮ ਦੇ ਕਿਸੇ ਹੋਰ ਲੇਖਕ ਨੇ ਨਾਜਾਇਜ਼ ਅਨੁਮਾਨ ਲਗਾਉਣ ਦੇ ਲਈ ਉਤਸ਼ਾਹਿਤ ਕੀਤਾ ਕਿ ਨਵਾਂ ਸੰਸਾਰ ਕਿਸ ਤਰ੍ਹਾਂ ਦਾ ਹੋਵੇਗਾ। ਅਸੀਂ ਪਰਮੇਸ਼ੁਰ ਤੇ ਭਰੋਸਾ ਕਰਦੇ ਹਾਂ ਕਿ ਉਹ ਆਪਣੇ ਲੋਕਾਂ ਲਈ ਸਭ ਕੁਝ ਮੁਹੱਈਆ ਕਰੇਗਾ।

### "ਕਰਾਰ ਦਾ ਕੀ ਪਤਾ ਹੈ?" (3:4)

ਮਸੀਹੀ ਨਿਹਚਾ ਦੇ ਆਰੰਭਕ ਦਿਨਾਂ ਤੋਂ ਹੀ, ਸੰਦੇਹਵਾਦੀ ਵਿਸ਼ਵਾਸੀਆਂ ਨੂੰ ਪ੍ਰਭੂ ਦੇ ਦੁਬਾਰਾ ਆਉਣ ਦੇ ਸਮੇਂ ਬਾਰ ਮਿਹਣੇ ਮਾਰਦੇ ਆ ਰਹੇ ਹਨ। ਉਨ੍ਹਾਂ ਨੇ ਮੰਗ ਕੀਤੀ, "ਤੁਸੀਂ ਇਹ ਵਿਚਾਰ ਆਪਣੇ ਮਨਾਂ ਵਿੱਚੋਂ ਤਿਆਗ ਕਿਉਂ ਨਹੀਂ ਦਿੰਦੇ?" ਸਦੀਆਂ ਤੋਂ ਮਸੀਹੀ ਲੋਕਾਂ ਨੇ ਆਪਣੀ ਆਸ ਨੂੰ ਜ਼ਿੰਦਾ ਰੱਖਿਆ ਹੈ। ਪ੍ਰਾਚੀਨ ਉਪਦੇਸ਼ ਬਚਾ ਕੇ ਰੱਖਿਆ ਗਿਆ ਹੈ, ਜੋ ਕਿ ਪਰਤੱਖ ਰੂਪ ਵਿਚ ਦੂਜੀ ਸਦੀ ਦੇ ਅੱਧ ਵਿਚ ਲਿਖਿਆ ਗਿਆ ਸੀ। ਇਸ ਦਾ ਨਾਂਅ ਹੈ "2 ਕਲੀਮੈਂਟ," ਹਾਲਾਂਕਿ ਇਹ ਨਿਸ਼ਚਤ ਨਹੀਂ ਹੈ ਕਿ ਇਹ ਕਿਸ ਨੇ ਲਿਖਿਆ ਸੀ। ਇਹ ਬਹੁਤ ਹੀ ਵਧੀਆ ਢੰਗ ਨਾਲ ਲਿਖਿਆ ਦਸਤਾਵੇਜ਼ ਹੈ, ਜੋ ਬਾਕੀ ਗੱਲਾਂ ਦੇ ਨਾਲ-ਨਾਲ, ਪ੍ਰਭੂ ਦੇ ਦੁਬਾਰਾ ਆਉਣ ਵਿਚ ਦੇਰੀ ਕਰਨ ਦੀ ਛਾਣਬੀਣ ਕਰਦਾ ਹੈ। ਇਹ ਕਹਿੰਦਾ ਹੈ,

> ਮਾੜਾ ਹੈ ਉਨ੍ਹਾਂ ਦੁਚਿੱਤੇ ਲੋਕਾਂ ਲਈ ਜਿਹੜੇ ਆਪਣੇ ਦਿਲ ਵਿਚ ਸ਼ੱਕ ਕਰਦੇ ਹਨ, ਜਿਹੜੇ ਕਹਿੰਦੇ ਹਨ, ਇਹ ਗੱਲਾਂ ਅਸੀਂ ਲੰਬੇ ਸਮੇਂ ਪਹਿਲਾਂ ਅਤੇ ਸਾਡੇ ਪਿਉ ਦਾਦਿਆਂ ਦੇ ਸਮੇਂ ਸੁਣੀਆਂ ਸਨ, ਪਰ ਅਸੀਂ ਦਿਨ-ਬ-ਦਿਨ ਉਡੀਕ ਕਰਦੇ ਰਹੇ ਅਤੇ ਉਨ੍ਹਾਂ ਵਿੱਚੋਂ ਕਿਸੇ ਨੂੰ ਨਹੀਂ ਵੇਖਿਆ। ਹੇ ਮੂਰਖੋ! ਆਪਣੇ ਆਪ ਦੀ ਤੁਲਨਾ ਇਕ ਰੁੱਖ ਨਾਲ ਕਰੋ; ਅੰਗੂਰ ਦੀ ਬੇਲ ਨੂੰ ਹੀ ਲੈ ਲਓ; ਪਹਿਲਾਂ ਇਸ ਵਿੱਚੋਂ ਪੱਤੇ ਨਿੱਕਲਦੇ ਹਨ, ਫਿਰ ਇਸ ਦੇ ਵਿੱਚੋਂ ਇਕ ਡੋਡੀ ਨਿੱਕਲਦੀ ਹੈ, ਇਸ ਤੋਂ ਬਾਅਦ ਕੱਚੇ ਅੰਗੂਰ ਲੱਗਦੇ ਹਨ, ਫਿਰ ਇਹ ਅੰਗੂਰਾਂ ਦਾ

ਗੁੱਛਾ ਬਣ ਜਾਂਦਾ ਹੈ। ਉਸੇ ਤਰ੍ਹਾਂ ਮੇਰੇ ਲੋਕਾਂ ਨੂੰ ਵੀ ਬਹੁਤ ਪਰੇਸ਼ਾਨੀਆਂ ਅਤੇ ਦੁੱਖ ਹੋਏ; ਬਾਅਦ ਵਿਚ ਉਨ੍ਹਾਂ ਨੂੰ ਚੰਗੀਆਂ ਵਸਤਾਂ ਮਿਲਣਗੀਆਂ। ਇਸ ਲਈ, ਮੇਰੇ ਭਰਾਓ, ਆਓ ਅਸੀਂ ਦੁਚਿੱਤੇ ਨਾ ਬਣੀਏ, ਪਰ ਧੀਰਜ ਰੱਖ ਕੇ ਆਸ ਕਰੀਏ ਤਾਂ ਕਿ ਸਾਨੂੰ ਸਾਡਾ ਇਨਾਮ ਮਿਲ ਸਕੇ।[13]

ਭਾਵੇਂ ਇਹ ਪਤਰਸ ਦੇ ਸਮੇਂ ਵਿਚ, ਜਾਂ ਕਲੀਮੈਂਟ ਦੇ ਸਮੇਂ ਵਿਚ, ਜਾਂ ਮੌਜੂਦਾ ਪੀੜ੍ਹੀ ਦੇ ਸਮੇਂ ਵਿਚ ਹੋਵੇ, ਪ੍ਰਭੂ ਦੇ ਦੁਬਾਰਾ ਆਉਣ ਤੇ ਸ਼ੱਕ ਕਰਨ ਜਾਂ ਇਸ ਨੂੰ ਰੱਦ ਕਰਨ ਦਾ ਪਰਤਾਵਾ ਹਮੇਸ਼ਾ ਤੋਂ ਮੌਜੂਦ ਰਿਹਾ ਹੈ। ਫਿਰ ਵੀ, ਪ੍ਰਭੂ ਦੇ ਦੁਬਾਰਾ ਆਉਣ ਦਾ ਕਰਾਰ ਅਤੇ ਉਸ ਦਿਨ ਕਰਾਰਾਂ ਦਾ ਪੂਰਾ ਹੋਣਾ ਮਸੀਹੀ ਸੰਦੇਸ਼ ਦੇ ਦਿਲ ਦੇ ਬਹੁਤ ਨੇੜੇ ਹੈ। ਇਕ ਵਾਰ ਉਹ ਨਾਸਰਤ ਵਿਚ ਇਕ ਦਾਸ ਦੇ ਤੌਰ ਤੇ ਆ ਚੁੱਕਾ ਹੈ; ਉਹ ਪ੍ਰਭੂਆਂ ਦੇ ਪ੍ਰਭੂ ਅਤੇ ਰਾਜਿਆਂ ਦੇ ਰਾਜਾ ਦੇ ਤੌਰ ਤੇ ਫੇਰ ਆਵੇਗਾ। ਇਸੇ ਤਰ੍ਹਾਂ ਹੀ ਹੋਵੇ। ਆਮੀਨ।

### ਜੀਵਨ ਨੂੰ ਦ੍ਰਿਸ਼ਟੀਕੋਣ ਵਿਚ ਰੱਖਣਾ (3:8-10)

ਜਦੋਂ ਪਤਰਸ ਨੇ ਆਪਣੇ ਪਾਠਕਾਂ ਨੂੰ ਪਰਮੇਸ਼ੁਰ ਦੇ ਧੀਰਜ ਬਾਰੇ ਚੇਤੇ ਕਰਾਇਆ, ਜਦੋਂ ਉਸ ਨੇ ਉਨ੍ਹਾਂ ਨੂੰ ਕਿਹਾ ਕਿ ਪਰਮੇਸ਼ੁਰ ਚਾਹੁੰਦਾ ਹੈ ਕਿ ਸੱਭੇ ਤੋਬਾ ਵੱਲ ਮੁੜਨ, ਇਹ ਜੀਵਨ ਦੀ ਸੰਖੇਪਤਾ ਅਤੇ ਮੌਤ ਦੀ ਨਿਸ਼ਚਤਤਾ ਬਾਰੇ ਇਕ ਚਿਤਾਵਨੀ ਸੀ। ਯਿਸੂ ਮਸੀਹ ਵਿਚ, ਪਰਮੇਸ਼ੁਰ ਮਨੁੱਖਜਾਤੀ ਤੱਕ ਪਹੁੰਚਿਆ, ਇਸ ਨੂੰ ਬਚਾਉਣ ਅਤੇ ਸਦੀਪਕ ਜੀਵਨ ਦੇਣ ਲਈ। ਸਿਨਿਕਾ ਇਕ ਪ੍ਰਸਿੱਧ ਰਾਜਨੇਤਾ ਅਤੇ ਸਤੋਇਕੀ ਫਿਲਾਸਫ਼ਰ ਸੀ ਜੋ ਕਿ ਪੌਲੁਸ ਦਾ ਹਾਣੀ ਸੀ। ਉਹ ਰੋਮ ਵਿਚ ਰਹਿੰਦਾ ਸੀ। ਜਿੱਥੋਂ ਤੱਕ ਅਸੀਂ ਜਾਣਦੇ ਹਾਂ, ਉਸ ਨੂੰ ਮਸੀਹੀ ਸੰਦੇਸ਼ ਦੀ ਕੋਈ ਜਾਣਕਾਰੀ ਨਹੀਂ ਸੀ। ਫਿਰ ਵੀ, ਉਸ ਦੇ ਅੰਧ ਵਿਸ਼ਵਾਸੀ ਦ੍ਰਿਸ਼ਟੀਕੋਣ ਤੋਂ, ਸਿਨਿਕਾ ਨੇ ਜਤਨ ਕਰਨ ਦੇ ਵਿਰੋਧਾਭਾਸ ਨੂੰ ਵੀ ਪਰਗਟ ਕੀਤਾ ਜਦੋਂ ਜੀਵਨ ਦਾ ਕੋਈ ਅਰਥ ਨਹੀਂ ਹੁੰਦਾ।

ਕਿਸੇ ਜੀਵਨ ਨੂੰ ਸ਼ੁਰੂ ਕਰਨਾ ਕਿੰਨੀ ਮੂਰਖਤਾ ਵੱਲੀ ਗੱਲ ਹੈ, ਜਦੋਂ ਕੋਈ ਅਗਲੇ ਦਿਨ ਦਾ ਮਾਲਕ ਵੀ ਨਹੀਂ ਹੁੰਦਾ! ਸਾਡੀਆਂ ਦੂਰ-ਦੂਰ ਦੀਆਂ ਆਸਾਂ ਦੀ ਯੋਜਨਾ ਬਣਾਉਣਾ ਕਿੰਨੀ ਵੱਡੀ ਮੂਰਖਤਾ ਹੈ! ਇਹ ਕਹਿਣਾ: "ਮੈਂ ਖਰੀਦਾਂਗਾ ਅਤੇ ਬਣਾਵਾਂਗਾ, ਕਰਜ਼ੇ ਤੇ ਪੈਸਾ ਲਵਾਂਗਾ, ਸਨਮਾਨ ਹਾਸਲ ਕਰਾਂਗਾ ਅਤੇ ਫਿਰ ਜਦੋਂ ਬੁੱਢਾ ਹੋ ਜਾਵਾਂਗਾ ਤਾਂ ਮੈਂ ਆਪਣਾ ਜੀਵਨ ਸੁੱਖ ਨਾਲ ਜੀਉਣ ਲਈ ਸਮਰਪਿਤ ਕਰ ਦੇਵਾਂਗਾ।" ਮੇਰਾ ਵਿਸ਼ਵਾਸ ਕਰਿਓ ਜਦੋਂ ਮੈਂ ਕਹਿੰਦਾ ਹਾਂ ਕਿ ਹਰੇਕ ਚੀਜ਼ ਸੰਦੇਹਪੂਰਣ ਹੈ, ਸਗੋਂ ਉਨ੍ਹਾਂ ਲਈ ਵੀ ਜਿਹੜੇ ਖੁਸ਼ਹਾਲ ਹਨ। ਕਿਸੇ ਨੂੰ ਵੀ ਆਪਣੇ ਭਵਿੱਖ ਬਾਰੇ ਅਨੁਮਾਨ ਲਾਉਣ ਦਾ ਕੋਈ ਹੱਕ ਨਹੀਂ ਹੈ . . . । ਅਸੀਂ ਲੰਬੀਆਂ-ਲੰਬੀਆਂ ਸਮੁੰਦਰੀ ਯਾਤਰਾਵਾਂ ਦੀਆਂ ਯੋਜਨਾਵਾਂ ਬਣਾਉਂਦੇ ਹਾਂ ਅਤੇ ਵਿਦੇਸ਼ੀ ਕੰਢਿਆਂ ਤੇ ਘੁੰਮਣ ਫਿਰਨ ਤੋਂ ਬਾਅਦ ਘਰ ਪਰਤ ਆਉਂਦੇ ਹਾਂ . . . ਇਸ ਸਭ ਦੇ ਦੌਰਾਨ ਮੌਤ ਸਾਡੇ ਵੱਲ ਖੜ੍ਹੀ ਰਹਿੰਦੀ ਹੈ।[14]

ਸਿਨਿਕਾ ਦੀਆਂ ਗੱਲਾਂ ਵਿਚ ਨਾਉਮੀਦੀ ਹੈ। ਕਿਸੇ ਨੂੰ ਵੀ ਉਨ੍ਹਾਂ ਸ਼ਬਦ ਨੂੰ ਪੜ੍ਹ ਕੇ ਤਰਸ ਆਉਂਦਾ ਹੈ। ਪਤਰਸ ਲਈ, ਅਤੇ ਉਨ੍ਹਾਂ ਦੇ ਲਈ ਜਿਹੜੇ ਉਸ ਦੀਆਂ ਗੱਲਾਂ ਤੇ ਵਿਸ਼ਵਾਸ ਕਰਦੇ ਅਤੇ ਪ੍ਰਭੂ ਉੱਤੇ ਭਰੋਸਾ ਕਰਦੇ ਹਨ, ਉਸ ਨੇ ਇਹ ਐਲਾਨ ਕੀਤਾ ਕਿ ਇਹ ਜੀਵਨ ਹੈ ਜੋ ਸਾਡੇ ਵੱਲ ਖੜ੍ਹਾ ਹੈ, ਨਾ ਕਿ ਮੌਤ। ਨਵਾਂ ਅਕਾਸ਼ ਅਤੇ ਨਵੀਂ ਧਰਤੀ ਹੈ ਜਿਸ

ਵਿਚ ਧਾਰਮਿਕਤਾ ਵੱਸਦੀ ਹੈ।

**ਦੂਜੀ ਆਮਦ ਅਤੇ ਨੈਤਿਕਤਾ (3:11-13)**

ਉੱਚਿਤ ਤੌਰ ਤੇ ਮਸੀਹੀ ਲੋਕਾਂ ਦੇ ਪਰਮੇਸ਼ੁਰ ਦੀ ਆਗਿਆ ਦਾ ਪਾਲਣ ਕਰਨਾ ਅਤੇ ਯਿਸੂ ਮਸੀਹ ਦੀ ਸੇਵਾ ਕਰਨਾ ਹੀ ਕਾਫੀ ਹੋਵੇਗਾ ਕਿਉਂਕਿ ਇਹ ਕਰਨਾ ਸਹੀ ਗੱਲ ਹੈ। ਇਹ ਜਾਣਨਾ ਹੀ ਕਾਫੀ ਹੈ ਕਿ ਪਰਮੇਸ਼ੁਰ ਰਚਨਹਾਰ ਹੈ। ਇਹ ਜਾਣਨਾ ਹੀ ਕਾਫੀ ਹੈ ਕਿ ਉਸ ਨੇ ਯਿਸੂ ਨਾਸਰੀ ਵਿਚ ਆਪਣੇ ਪ੍ਰੇਮ ਨੂੰ ਵਿਖਾਇਆ ਹੈ। ਉੱਚਿਤ ਤੌਰ ਤੇ, ਅਸੀਂ ਉਸ ਦੀ ਪ੍ਰਭੁਤਾ ਤੋਂ ਇਲਾਵਾ ਕਿਸੇ ਹੋਰ ਕਾਰਣ ਕਰਕੇ ਉਸ ਦੀ ਆਗਿਆ ਦਾ ਪਾਲਣ ਨਹੀਂ ਕਰਾਂਗੇ। ਨਿਆਂ ਅਤੇ ਸਦੀਪਕਾਲ ਦੀਆਂ ਤਾਕੀਦਾਂ ਦੀ ਕੋਈ ਲੋੜ ਨਹੀਂ ਪਵੇਗੀ।

ਸਰੀਰ ਦੀਆਂ ਠੋਸ ਇੱਛਾਵਾਂ ਦੇ ਲਈ ਇਕ ਛੋਟ ਹੈ ਕਿ ਪਰਮੇਸ਼ੁਰ ਇਕ ਗਾਜਰ ਅਤੇ ਇਕ ਸੋਟੀ ਦੋਹਾਂ ਦਾ ਇਸਤੇਮਾਲ ਕਰਦੇ ਹੋਏ ਭਗਤੀ ਵਾਲਾ ਜੀਵਨ ਜੀਉਣ ਦੇ ਲਈ ਅਪੀਲ ਕਰਦਾ ਹੈ। ਮਸੀਹੀ ਲੋਕ ਪਰਮੇਸ਼ੁਰ ਦੀ ਆਗਿਆ ਦਾ ਪਾਲਣ ਕਰਦੇ ਹਨ ਕਿਉਂਕਿ ਉਹ ਪ੍ਰੇਮੀ ਪਿਤਾ ਹੈ। ਦੂਜੇ ਪਾਸੇ, ਪਰਮੇਸ਼ੁਰ ਭੜਕਦੀ ਹੋਈ ਅੱਗ ਹੈ। ਉਹ ਨਿਆਈਂ ਹੈ। ਪਰਮੇਸ਼ੁਰ ਬਾਰੇ ਇਹ ਸੋਚਣਾ ਇਕ ਨਿਰਾਸ਼ਾਜਨਕ ਤਸਵੀਰ ਹੈ ਜਿਵੇਂ ਕਿ ਉਹ ਇਕ ਦਾਨਵ ਹੈ ਅਤੇ ਅਕਾਸ਼ ਵਿਚ ਵੱਡਾ ਜਿਹਾ ਇਕ ਡੰਡਾ ਲੈ ਕੇ ਬੈਠਾ ਹੈ ਅਤੇ ਪਾਪੀਆਂ ਨੂੰ ਮਾਰਨ ਦੇ ਲਈ ਤਿਆਰ ਹੈ। ਯੂਹੰਨਾ ਨੇ ਵਿਸ਼ਵਾਸੀਆਂ ਨੂੰ ਇਹੋ ਜਿਹੀ ਧਾਰਣਾ ਵੱਲੋਂ ਮੋੜਿਆ ਜਦੋਂ ਉਸ ਨੇ ਕਿਹਾ, "ਪੂਰਾ ਪ੍ਰੇਮ ਧੜਕੇ ਨੂੰ ਹਟਾ ਦਿੰਦਾ ਹੈ" (1 ਯੂਹੰਨਾ 4:18)। ਫਿਰ ਵੀ, ਡਰ ਨੂੰ ਮਸੀਹੀ ਲੋਕਾਂ ਦੇ ਲਈ ਪ੍ਰੇਰਣਾ ਵਾਲੀ ਸ਼ਕਤੀ ਵਜੋਂ ਰੱਦ ਨਹੀਂ ਕੀਤਾ ਜਾ ਸਕਦਾ। ਇਹ ਪਾਪ ਦੇ ਆਕਰਸ਼ਣਾਂ ਦਾ ਸਾਹਮਣਾ ਕਰਕੇ ਉਨ੍ਹਾਂ ਨੂੰ ਰੋਕਣ ਅਤੇ ਇਹ ਯਾਦ ਕਰਨ ਦਾ ਸਮਾਂ ਹੈ ਕਿ ਪਰਮੇਸ਼ੁਰ ਸਾਨੂੰ ਸਾਰਿਆਂ ਨੂੰ ਉਸ ਸਭ ਦੇ ਲਈ ਜ਼ਿੰਮੇਵਾਰ ਠਹਿਰਾਵੇਗਾ ਜੋ ਅਸੀਂ ਕਰਦੇ ਹਾਂ। ਪੁਰਾਣੇ ਨੇਮ ਅਤੇ ਨਵੇਂ ਨੇਮ ਵਿਚ ਪਵਿੱਤਰ ਪੁਰਖ ਵਿਸ਼ਵਾਸੀਆਂ ਨੂੰ ਇਹ ਚੇਤੇ ਕਰਾਉਣ ਤੋਂ ਸੰਕੋਚ ਨਹੀਂ ਕਰਦੇ ਕਿ ਪਰਮੇਸ਼ੁਰ ਨਿਆਈਂ ਹੈ। ਉਸ ਰਵਾਇਤ ਵਿਚ, ਪਤਰਸ ਨੇ ਪ੍ਰਭੂ ਦੇ ਦੁਬਾਰਾ ਆਉਣ ਅਤੇ ਆਖ਼ਰੀ ਨਿਆਂ ਵੱਲ ਇਸ਼ਾਰਾ ਕੀਤਾ ਸੀ। ਕਿਉਂਕਿ ਮਸੀਹ ਇਕ ਨਿਆਈਂ ਦੇ ਤੌਰ ਤੇ ਵਾਪਸ ਆਵੇਗਾ, ਪਤਰਸ ਨੇ ਮਸੀਹੀ ਲੋਕਾਂ ਨੂੰ ਚੇਤੇ ਕਰਾਇਆ ਕਿ ਇਹ ਜ਼ਰੂਰੀ ਹੈ ਕਿ ਉਹ ਪਵਿੱਤਰ ਜੀਵਨ ਜੀਉਣ।

---

ਟਿੱਪਣੀਆਂ

[1]ਡੋਨਲਡ ਗੁਥਰੀ, *ਨਿਊ ਟੈਸਟਾਮੈਂਟ ਥੀਓਲੋਜੀ* (ਡਾਉਨਰਸ ਗਰੋਵ, ਇਲੀਨੋਇਸ: ਇੰਟਰ-ਵਰਸਿਟੀ ਪ੍ਰੈਸ, 1981), 978. [2]ਰਸੂਲਾਂ ਨੂੰ ਸਿਰਫ ਇਕ ਵਾਰ ਰਸੂਲਾਂ ਦੇ ਕਰੱਤਬ ਵਿਚ "ਬਾਰਾਂ" ਕਿਹਾ ਗਿਆ ਹੈ (6:2) ਅਤੇ ਇਕ ਵਾਰ ਪੌਲੁਸ ਦੁਆਰਾ (1 ਕੁਰਿੰਥੀਆਂ 15:5)। ਜਦ ਕਿ ਰਸਮੀ ਤੌਰ ਤੇ "ਬਾਰਾਂ" ਵਿੱਚੋਂ ਨਹੀਂ, ਪੌਲੁਸ ਕੋਲ ਇਕ ਰਸੂਲ ਦਾ ਪੂਰਾ ਇਖ਼ਤਿਆਰ ਅਤੇ ਹੁਕਮ ਸੀ (ਗਲਾਤੀਆਂ 1:1). [3]ਮਾਈਕਲ ਗਰੀਨ, *ਦ ਸੈਕੰਡ ਅਪਿਸਟਲ ਜਨਰਲ ਆਫ਼ ਪੀਟਰ ਐਂਡ ਦ ਜਨਰਲ ਅਪਿਸਟਲ ਆਫ਼ ਜੂਡ*, ਸੋਧ ਅਤੇ ਸੰਪਾਦਨ, ਟਿੰਡੇਲ ਨਿਊ ਟੈਸਟਾਮੈਂਟ ਕਮੈਂਟਰੀਜ਼, ਜਿਲਦ 18 (ਗਰੈਂਡ ਰੈਪਿਡਸ, ਮਿਸ਼ੀਗਨ: ਵਿਲੀਅਮ ਬੀ. ਈਅਰਡਮੰਸ ਪਬਲਿਸ਼ਿੰਗ ਕੰਪਨੀ, 1987), 138. [4]ਐਵਰੈਟ ਫਰਗਿਉਸਨ ਦੀ ਪੁਸਤਕ, *ਬੈਕਗਰਾਊਂਡਸ ਆਫ਼ ਅਰਲੀ ਕ੍ਰਿਸਚੈਨਿਟੀ*, ਦੂਜੀ ਜਿਲਦ

(ਗਰੈਂਡ ਰੈਪਿਡਸ, ਮਿਸ਼ੀਗਨ: ਵਿਲੀਅਮ ਬੀ. ਈਅਰਡਮੰਸ ਪਬਲਿਸ਼ਿੰਗ ਕੰਪਨੀ, 1993) ਦਾ ਸਫ਼ਾ 232 ਵੇਖੋ। [5]ਜੌਨ ਆਰ. ਕਲੀਮੈਂਟਸ, "ਇਨ ਦ ਲੈਂਡ ਆਫ਼ ਫੇਡਲੈਸ ਡੇਅ," *ਸੌਂਗਸ ਆਫ਼ ਦ ਚਰਚ,* ਰਚਨਾ ਅਤੇ ਸੰਪਾਦਨ ਐਲਨ ਐਚ. ਹੋਵਾਰਡ (ਵੈਸਟ ਮੋਨਰੋਏ, ਲੁਸੀਆਨਾ: ਹੋਵਾਰਡ ਪਬਲਿਸ਼ਿੰਗ ਕੰਪਨੀ, 1977)। [6]ਆਇਰੇਨੀਅਸ *ਅਗੇਂਸਟ ਹੇਰੇਸੀਜ਼* 5.28.3. [7]ਰਿਚਰਡ ਜੇ. ਬੁਕਹਮ, *ਜੂਡ, 2 ਪੀਟਰ,* ਵਰਡ ਬਿਬਲੀਕਲ ਕਮੈਂਟਰੀ, ਜਿਲਦ 50 (ਵਾਕੋ, ਟੈਕਸਾਸ: ਵਰਡ ਬੁਕਸ, 1983), 312. [8]ਚਾਰਲਸ ਐਚ. ਐਚ. ਸਕੋਬੀ, *ਦ ਵੇਅਜ਼ ਆਫ਼ ਆਵਰ ਗੌਡ: ਐਨ ਅਪਰੋਚ ਟੂ ਬਿਬਲੀਕਲ ਥੀਓਲੋਜੀ* (ਗਰੈਂਡ ਰੈਪਿਡਸ, ਮਿਸ਼ੀਗਨ: ਵਿਲੀਅਮ ਬੀ. ਈਅਰਡਮੰਸ ਪਬਲਿਸ਼ਿੰਗ ਕੰਪਨੀ, 2003), 741. [9]ਰੌਬਰਟ ਡੇਵਿਡਸਨ, "ਪੁਰਾਣੇ ਨੇਮ ਦੇ ਕੁਝ ਪਹਿਲੂ ਮਸੀਹੀ ਸਦਾਚਾਰਾਂ ਦੇ ਨਮੂਨੇ ਲਈ ਯੋਗਦਾਨ ਹਨ," *ਸਕੌਟਿਸ਼ ਜਰਨਲ ਆਫ਼ ਥੀਓਲੋਜੀ* 12 (ਦਿਸੰਬਰ 1959): 376. [10]ਇਸ ਆਇਤ ਵਿਚ, 2 ਪਤਰਸ 3:14, ਰਸੂਲ ਨੇ ἄμωμος (*ਅਮੋਮੋਸ*) ਦੀ ਬਜਾਇ ἀμώμητος (*ਅਮੋਮੀਟੋਸ,* "ਨਿਰਦੋਸ਼" ਜਾਂ "ਨਿਹਕਲੰਕ") ਸ਼ਬਦ ਵਰਿਤਆ ਜਿਵੇਂ ਉਸ ਨੇ 1 ਪਤਰਸ 1:19 ਵਿਚ ਵਰਤਿਆ ਸੀ, ਜਿੱਥੇ ਉਸ ਨੇ ਕਿਹਾ ਸੀ ਕਿ ਯਿਸੂ "ਨਿਹਕਲੰਕ" ਲੇਲਾ ਸੀ। ਇਹ ਸ਼ਬਦ ਇਕ ਦੂਜੇ ਨਾਲ ਬਹੁਤ ਹੀ ਮਿਲਦੇ ਜੁਲਦੇ ਹਨ ਅਤੇ ਅਸਲ ਵਿਚ ਇਨ੍ਹਾਂ ਦਾ ਇੱਕੋ ਅਰਥ ਹੈ। [11]*ਸ਼ੈਫਰਡ ਆਫ਼ ਹਰਮਸ: ਸਿਮਿਲੀਟਿਊਡਸ* 9.14.4. [12]ਜੱਸੀ ਬਰਾਊਨ ਪਾਊਂਡਸ, "ਵੀ ਆਰ ਗੋਇੰਗ ਡਾਊਨ ਦ ਵੈਲੀ," *ਸੌਂਗਸ ਆਫ਼ ਦ ਚਰਚ,* ਰਚਨਾ ਅਤੇ ਸੰਪਾਦਨ ਆਲਟਨ ਐਚ. ਹੋਵਾਰਡ (ਵੈਸਟ ਮੋਨਰੋਏ, ਲੁਸੀਆਨਾ: ਹੋਵਾਰਡ ਪਬਲਿਸ਼ਿੰਗ ਕੰਪਨੀ, 1977)। [13]*2 ਕਲੀਮੈਂਟ* 11.2–5. [14]ਸਿਨਿਕਾ *ਅਪਿਸਟਲਸ* 101.